ਜਨਤਕ
# ਪੈਗ਼ਾਮ

> "ਸ੍ਰੀ ਅਕਾਲ ਤਖ਼ਤ ਤੇ ਸ੍ਰੀ ਹਰਿਮੰਦਰ ਸਾਹਿਬ ਦੀ ਰਾਖੀ ਲਈ ਸ਼ਹੀਦ ਹੋਣ ਨਾਲੋਂ ਕਿਸੇ ਸਿੱਖ ਲਈ ਹੋਰ ਵੱਧ ਮਾਣ ਵਾਲੀ ਕਿਹੜੀ ਗੱਲ ਹੋ ਸਕਦੀ ਹੈ। ਮੇਰੀ ਤਾਂ ਇਹੋ ਇੱਛਾ ਹੈ ਕਿ ਮੈਂ ਵਾਰ ਵਾਰ ਜਨਮ ਲਵਾਂ ਤੇ ਇਸ ਉਦੇਸ਼ ਲਈ ਵਾਰ ਵਾਰ ਕੁਰਬਾਨ ਹੋਵਾਂ ਬੇਗੁਨਾਹਾਂ ਤੇ ਬੇਵੱਸਾਂ ਨੂੰ ਕਤਲ ਕਰਕੇ ਗੁੱਸੇ ਤੇ ਗਮ ਨੂੰ ਸ਼ਾਂਤ ਨਹੀਂ ਕੀਤਾ ਜਾਣਾ ਚਾਹੀਦਾ।"
>
> ਸਤਵੰਤ ਸਿੰਘ, 5 ਜਨਵਰੀ 1989

ਸੰਪਾਦਕ : ਮਾਲਵਿੰਦਰ ਸਿੰਘ ਮਾਲੀ ਜਨਵਰੀ, 1989 ਕੀਮਤ : ਤਿੰਨ ਰੁਪਏ

# ਦੇਸ਼ ਪੰਜਾਬ ਦੇ ਮਹਾਂਬਲੀ ਸ਼ਹੀਦ ਯੋਧੇ

ਦਿੱਲੀ ਦੀ ਤਿਹਾੜ ਜੇਲ੍ਹ 'ਚ ਸਤਵੰਤ ਸਿੰਘ ਤੇ ਕੇਹਰ ਸਿੰਘ ਦੀਆਂ ਸ਼ਹਾਦਤਾਂ ਦੀ ਗੂੰਜ ਪੈ ਚੁੱਕੀ ਹੈ। ਪੰਜਾਬ ਦੇ ਇਹਨਾਂ ਮਹਾਂਬਲੀ ਯੋਧਿਆਂ 'ਚੋਂ ਬੇਅੰਤ ਸਿੰਘ ਨੇ ਪਹਿਲਾਂ ਹੀ 31 ਅਕਤੂਬਰ 84 ਨੂੰ ਅਤੇ ਹੁਣ ਸਤਵੰਤ ਸਿੰਘ ਤੇ ਕੇਹਰ ਸਿੰਘ ਨੇ 6 ਜਨਵਰੀ 89 ਨੂੰ ਪੂਰੀ ਦ੍ਰਿੜਤਾ ਤੇ ਦਲੇਰੀ ਨਾਲ ਸ਼ਹਾਦਤ ਦਾ ਜਾਮ ਹੱਸ ਹੱਸਕੇ ਪੀ ਲਿਆ ਹੈ। ਸੂਝਵਾਨ ਸਿਆਸੀ ਹਲਕਿਆਂ ਨੂੰ ਤਾਂ ਭਾਂਵੇ ਪਹਿਲਾਂ ਹੀ ਇਸ ਬਾਰੇ ਕੋਈ ਭੁਲੇਖਾ ਨਹੀਂ ਸੀ ਪਰ ਹੁਣ ਭਾਰਤ ਦੇ ਹਾਕਮਾਂ ਨੇ ਆਪਣੀ ਲੋਟੂ ਤੇ



ਸ਼ਹੀਦ ਬੇਅ[illegible] ਸਿੰਘ



ਸ਼ਹੀਦ ਸਤਵੰਤ ਸਿੰਘ



ਸ਼ਹੀਦ ਕਿਹਰ ਸਿੰਘ

ਫਿਰਕੂ ਜ਼ਹਿਨੀਅਤ ਦੀ ਜ਼ਿੱਦ ਪੁਗਾਕੇ "ਕਾਲੇ ਫਰੰਗੀਆਂ" ਤੋਂ ਅਜੇ ਵੀ ਰਹਿਮ ਤੇ ਇਨਸਾਫ ਦੀ ਝਾਕ ਰੱਖਣ ਵਾਲਿਆਂ ਦੇ ਭਰਮ ਭੁਲੇਖੇ ਖ਼ੁਦ ਹੀ ਚਕਨਾ ਚੂਰ ਕਰ ਦਿੱਤੇ ਹਨ। ਅਤੇ ਇਹ ਦਿਖਾ ਦਿੱਤਾ ਹੈ ਕਿ ਦਿੱਲੀ ਦੇ ਹਾਕਮਾਂ ਦੇ ਲੂੰ ਲੂੰ 'ਚ ਦੇਸ਼ ਪੰਜਾਬ ਤੇ ਸਿੱਖ ਭਾਈ-ਚਾਰੇ ਨਾਲ ਦੁਸ਼ਮਣੀ ਰਚੀ ਹੋਈ ਹੈ।- ਤਾਂ ਸਾਡਾ ਪੰਜਾਬ ਦੇ ਜਾਇਆਂ ਦਾ ਇਹ ਫਰਜ਼ ਬਣਦਾ ਹੈ ਕਿ ਆਪਾਂ ਵੀ ਭਾਰਤ ਦੇ ਵਹਿਸ਼ੀ ਹਾਕਮਾਂ ਦੇ ਭਰਮ ਭੁਲੇਖਿਆਂ ਨੂੰ ਚਕਨਾ ਚੂਰ ਕਰਨ ਲਈ "ਅਜ਼ਾਦ ਪੰਜਾਬੀ ਰਾਜ" ਦੀ ਸਥਾਪਨਾ ਦੇ ਹੱਕੀ ਸੰਗਰਾਮ ਦੇ ਨਾਹਰੇ ਨੂੰ ਹੋਰ ਵੀ ਗੂੜ੍ਹੀ ਤਰ੍ਹਾਂ ਆਪਣੇ ਰੋਮ ਰੋਮ 'ਚ ਰਚਾ ਲਈਏ।

ਦੇਸ਼ ਪੰਜਾਬ ਦੀ ਅਣਖ ਤੇ ਸਵੈਮਾਨ ਦਾ ਚਿੰਨ ਹੋ ਗੁਜ਼ਰੇ ਇਹਨਾਂ ਸ਼ਹੀਦ ਸੂਰਮਿਆਂ ਨੂੰ ਇਸ ਤੋਂ ਵੱਧ ਢੁੱਕਵੀਂ ਹੋਰ ਕੋਈ ਸਰਧਾਂਜਲੀ ਨਹੀਂ ਹੋ ਸਕਦੀ। ○

-ਸੰਤ ਰਾਮ ਉਦਾਸੀ

(ਅਸੀਂ ਮਰਹੂਮ ਇਨਕਲਾਬੀ ਕਵੀ ਸੰਤ ਰਾਮ ਉਦਾਸੀ ਦੇ ਕੁਝ ਉਹ ਬੋਲ ਜਿਹਨਾਂ ਸ਼ਹੀਦਾਂ ਨੂੰ ਸਮਰਪਤ ਕਰ ਰਹੇ ਹਾਂ ਜਿਹੜੇ ਉਹਨਾ ਉਨ ਸਮਿਆਂ 'ਚ ਉਚਰੇ ਸਨ ਜਦੋਂ ਪੰਜਾਬ ਅੰਦਰ ਕੇਂਦਰ ਦੀ ਹੱਥ ਠੋਕਾ ਬਾਦਲ ਜੁੰਡਲੀ ਤੇ ਪੱਛਮੀ ਬੰਗਾਲ 'ਚ ਰੇਅ ਗ੍ਰਹਿ ਹਕੂਮਤ ਵਿਰੁੱਧ ਹਥਿਆਰ ਬੰਦ ਬਗਾਵਤ ਦੇ ਰਾਹ ਤੁਰੇ ਨਕਸਲੀ ਗੱਭਰੂਆਂ ਨੂੰ ਕੋਹ ਕੋਹ ਕੇ ਕਤਲ ਕਰ ਰਹੇ ਸਨ)

ਚੜ੍ਹਨ ਵਾਲਿਓ ਹੱਕਾਂ ਦੀ ਕੇਂਟ ਉਤੇ
ਥੋਨੂੰ ਸ਼ਰਧਾ ਦੇ ਫੁੱਲ ਚੜਾਉਣ ਲੱਗਿਆਂ
ਥੋਡੀ ਯਾਦ ਵਿੱਚ ਬੈਠਕੇ ਦੋ ਘੜੀਆਂ
ਇਕ ਦੋ ਪਿਆਰ ਦੇ ਹੰਝੂ ਵਹਾਉਣ ਲੱਗਿਆਂ
ਥੋਨੂੰ ਮਿਲੂ ਹੁੰਗਾਰਾ ਸੰਸਾਰ ਵਿਚੋਂ
ਮੁੱਢ ਬੰਨਿਆਂ ਤੁਸੀਂ ਕਹਾਣੀਆਂ ਦਾ
ਸਹੁੰ ਖਾਂਦੇ ਹਾਂ ਅਸੀ ਜਵਾਨੀਆਂ ਦੀ
ਮੁੱਲ ਤਾਰਾਂਗੇ ਅਸੀਂ ਕੁਰਬਾਨੀਆਂ ਦਾ
ਜਿੱਥੇ ਗਏ ਹੋ, ਅਸੀਂ ਵੀ ਆਏ ਜਾਣੋ
ਬਲਦੀ ਚਿਖਾ ਹੁਣ ਠੰਡੀ ਨੀ ਹੋਣ ਦੇਣੀ
ਗਰਮ ਰੱਖਾਂਗੇ ਦੌਰ ਕੁਰਬਾਨੀਆਂ ਦਾ
ਲਹਿਰ ਹੱਕਾਂ ਦੀ ਠੰਡੀ ਨੀ ਹੋਣ ਦੇਣੀ
ਸਾਮਰਾਜ ਦੀ ਮੰਡੀ ਜੇ ਹਿੰਦ ਹੋਇਆ
ਤਾਂ ਫਿਰ ਇਹ ਲੋਥਾਂ ਦੀ ਮੰਡੀ ਨੀ ਹੋਣ ਦੇਣੀ
ਐਵੇਂ ਭਰਮ ਹੈ ਸਾਡਿਆਂ ਕਾਤਲਾਂ ਨੂੰ
ਅਸੀਂ ਹੋਵਾਂਗੇ ਦੋ ਜਾਂ ਚਾਰ ਲੋਕੋ
ਕਤਲ ਕੀਤਿਆਂ ਵੀ ਜਿਹੜੀ ਮੁੱਕਣੀ ਨੀ
ਐਡੀ ਲੰਬੀ ਹੈ ਸਾਡੀ ਕਤਾਰ ਲਕ
ਉਦੋਂ ਦੱਸਾਂਗੇ ਜਦੋਂ ਵੀ ਟਹਿਲਰਾਂਗੇ
ਅਸੀਂ ਗਭਰੂ ਰੁੱਤ ਦੀ ਛਟੀ ਵਰਗੇ
ਜਿਨਾਂ ਛਾਂਗੋਂਗੇ ਉਨ ਹੀ ਫੈਲਹਾਂਗੇ ।

## ਅਸੀਂ ਤਰਸ ਨਹੀਂ ਕਰਨਾ

ਤੇ ਜਦੋਂ ਸਾਡੀ ਜਿੱਤ ਦਾ ਵੱਡਾ ਦਿਨ ਆਇਆ
ਮੇਰੇ ਸੂਰਮੇ ਲੋਕੋ !
ਤਾਂ ਜਮਾਤੀ-ਦੁਸ਼ਮਣਾਂ ਨੂੰ ਸਜ਼ਾ ਦੇਣ ਲੱਗਿਆਂ
ਅੱਖਾਂ 'ਚੋਂ ਦੂਰ ਲਾਹਕੇ ਰੱਖ ਦੇਣਾ ਤਰਸ ਦੀ ਨਿਗਾਹ
ਤੇ ਆਪਣੇ ਮਨ ਵਿਚ ਮੁੜਕੇ ਦੁਹਰਾ ਲੈਣਾਂ
ਇੰਟੈਰੋਗੇਸ਼ਨ ਸੈਂਟਰਾਂ ਵਿਚਲਾ ਵਾਤਾਵਰਨ
ਉਸ ਸਮੇਂ ਤਾਂ ਸਾਡੇ ਕੋਲ
ਰਹਿਮ ਨਾਂ ਦਾ ਕੁੱਛ ਵੀ ਬਾਕੀ ਨਹੀਂ ਹੋਣਾਂ ।
ਅਸੀਂ ਤਾਂ ਰਹਿਮ ਨੂੰ ਹਰ ਥਾਂ ਵੰਡਦੇ ਰਹੇ ਹਾਂ
ਦੇਗਾਂ ਵਿਚ ਉਬਲਦੇ ਸਿਦਕੀਆਂ ਦੇ ਕੋਲ
ਜੀਪਾਂ ਮਗਰ ਘੜੀਸੀ ਦੇ ਗੁਰੀਲਿਆਂ ਮਗਰ
ਗੁਪਤ ਅੰਗਾਂ ਵਿਚ ਉਬਲਦੇ ਅੰਡੇ ਦੀ
ਪੀੜ ਸਹਿਣ ਵਾਲੀਆਂ ਕੁੜੀਆਂ ਦੇ ਸੰਗ
ਮਾਂ ਨੂੰ 'ਘੋਟਣਾ ਲੱਗਿਆਂ' ਦੇਖ ਕੇ
ਬੱਚਿਆਂ ਦੀ ਲ੍ਹਿਲਕੜੀ ਵਿਚ
ਸੂਰਾਂ ਨਾਲ ਉਜੜਦੀਆਂ ਪੈਲੀਆਂ ਦੇ ਬੰਨੇ
ਥਾਣੇਦਾਰ ਦੀ ਜੁੱਤੀ ਪਾਲਿਸ਼ ਕਰਦੇ ਸਿਪਾਹੀ ਦੇ ਕੋਲ
ਗੱਲ ਕੀ ਸਰਮਾਏਦਾਰ ਦੀ ਮਾਰ ਹੇਠ ਆਏ
ਹਰ ਪਦਾਰਥ ਨੂੰ ਤਰਸ ਨਾਲ ਵਰਾਉਂਦੇ ਰਹੇ ।
ਹਣ ਤਾਂ ਅਸੀਂ ਪੀਆਂਗੇ ਰੱਜਕੇ "ਰੂੜੀ ਮਾਰਕਾ"
ਕਿਉਂਕਿ ਪਿੰਡ ਵਾਲਿਆਂ ਨੇ ਲਿਆਂਦਾ ਹੋਵੇਗਾ
ਦੁਸ਼ਮਣਾਂ ਨੂੰ ਜਮਾਤੀ-ਨਫਰਤ ਦੀ ਸਜ਼ਾ ਦੇਣ ਲਈ
ਪਿੰਡ ਦੀ ਸੱਥੇ
ਬੇਸ਼ੱਕ ਜਗੀਰਦਾਰ ਸਫੈਦਪੋਸ਼ ਬਹੁਤ ਡਿੱਗੇਗਾ
ਸੰਤੇ 'ਚੂਹੜੇ' ਦੇ ਪੈਰੀਂ
ਤੇ ਮੁਆਫੀ ਮੰਗੇਗਾ
ਉਸਦੇ ਗੁਰੀਲੇ ਪੁੱਤ ਦੀ ਮੁਖਬਰੀ ਕਰਨ ਲਈ
ਬੇਸ਼ੱਕ ਕਰੋੜੀ ਸੇਠ ਵੀ ਸੁੱਟੇਗਾ ਪਾੜਕੇ
ਪੀਰੂ ਜੱਟ ਦਾ ਬਹੀ ਚੋਂ ਖਾਤਾ
ਤੇ ਪੇਸ਼ ਕਰੇਗਾ
ਖਾਨ ਪੁੱਟ ਮਹੇਸ਼ੀ ਨੂੰ ਆਪਣੀ ਛੱਟੀ ਘੀ ਦਾ ਡੋਲਾ
ਹੁਣ ਤਾਂ ਡਿਪਟੀ ਦੀ ਮਾਂ
ਬਦੋਬਦੀ ਚੁੱਕ ਲਏਗੀ ਧੂੜ ਵਿੱਚੋਂ
ਇਟਰਗੇਸ਼ਨ ਵਿਚ ਸ਼ਹੀਦ ਹੋਏ ਕਾਮਰੇਡ ਦਾ ਖੱਚਾ
ਤੇ ਵਾਰ ਵਾਰ ਡਿੱਗੇਗੀ
ਛਿੱਤਰਾਂ ਦੀ ਮਾਰ ਖਾ ਰਹੇ, ਆਪਣੇ ਪੁੱਤਰ ਦੇ ਪਿੰਡੇ ਤੇ
ਹੁਣ ਤਾਂ ਸਰਕਾਰੀ ਮੁਖਬਰ ਭਾਗਾ ਚੌਕੀਦਾਰ ਵੀ
ਪਾਏਗਾ ਮਜ਼ਦੂਰ ਜਮਾਤ ਦਾ ਵਾਸਤਾ
ਹੁਣ ਤਾਂ ਬੁੱਧਜੀਵੀਆਂ ਵਿਚ ਸੀ.ਆਈ.ਡੀ ਦੇ ਬੰਦੇ
ਇਕ ਦੂਜੇ ਤੋਂ ਮੂਹਰੇ ਹੋ ਕੇ ਦਖਾਉਣਗੇ
ਸੀ.ਆਈ.ਡੀ. ਨੂੰ ਬਹੁਤ ਚਿਰ ਪਹਿਲਾਂ ਲਿਖੇ ਅਸਤੀਫੇ
ਤੇ ਵਾਸ਼ਤੇ ਦੇਣਗੇ 'ਲੋਕ ਫੋਜ' 'ਚ ਭਰਤੀ ਹੋਣ' ਲਈ
ਕਾਰਖਾਨੇਦਾਰਾਂ ਦੇ ਤਨਖਾਹਦਾਰ ਗੁੰਡੇ
ਹੁਣ ਤਾ ਮੁਲਾਂ, ਪੰਡਤ, ਭਾਈ ਤੇ ਸਾਧ
ਮੰਨ ਲੈਣਗੇ ਆਪਣੇ ਆਪ ਨੂੰ
ਹਿੰਦੋਸਤਾਨੀ ਸਭਿਅਤਾ ਦੇ ਮੁੱਖ ਦੋਸ਼ੀ
ਪਰ ਅਸੀਂ ਬੇਬੱਸ ਹੋਵਾਂਗੇ
ਉਹਨਾਂ ਨੂੰ ਤਰਸ ਦਾ ਕੋਈ ਭੋਰ ਦੇਣ ਤੋਂ ।
ਕਿਉਂਕਿ ਸਾਡੇ ਮਨ ਤਾਂ ਭਰੇ ਪਏ ਹੋਣਗੇ
ਇੰਟੈਰੋਗੇਸ਼ਨਾਂ ਵਿਚ ਸ਼ਹੀਦ ਹੋਏ
ਸਿੰਘ, ਸਿੰਘਣੀਆਂ ਤੇ ਭੁਜੰਗੀਆਂ ਦੇ
ਯਾਦਗਾਰੀ ਰੂਹ ਨਾਲ
ਤੇ ਜਦੋਂ ਵੀ ਸਾਡੀ ਜਿੱਤ ਦਾ ਵੱਡਾ ਦਿਨ ਆਇਆ
ਮੇਰੇ ਸੂਰਮੇਂ ਲੋਕੋ !

# ਸਿੱਖ ਭਾਈਚਾਰੇ ਦੇ ਸੀਨੇ 'ਚ ਖੁੱਭਿਆ ਸੁਆਲ
# ਕੀ ਸਤਵੰਤ ਸਿੰਘ ਤੇ ਕੇਹਰ ਸਿੰਘ ਨੂੰ ਨਿਆ ਮਿਲ ਸਕੇਗਾ?

(ਇਹ ਲੇਖ ਅਸੀਂ ਰਾਸ਼ਟਰੀਪਤੀ ਵੱਲੋਂ ਕੇਹਰ ਸਿੰਘ ਦੀ ਅਪੀਲ ਰੱਦ ਕਰਨ ਤੋਂ ਪਹਿਲਾਂ ਲਿਖਿਆ ਸੀ। ਪਰ ਫਿਰ ਵੀ ਸਤਵੰਤ ਸਿੰਘ-ਕੇਹਰ ਸਿੰਘ ਦੇ ਕੇਸ ਸਬੰਧੀ "ਕਾਲੇ ਫਰੰਗੀਆਂ" ਦੇ ਵਿਹਾਰ ਦੇ ਸਿਆਸੀ ਜਾਇਜ਼ੇ ਸਬੰਧੀ ਪੰਜਾਬ ਅੰਦਰ ਹਕੂਮਤ ਵਿਰੋਧੀ ਧਿਰਾਂ ਅੰਦਰ ਜਾਹਰ ਹੋਏ ਪਾਟਵੇਂ ਵਿਚਾਰਾਂ ਦੇ ਪ੍ਰਸੰਗ ਵਿੱਚ ਇਸ ਲੇਖ ਦੀ ਮਹੱਤਤਾ ਅੱਜ ਵੀ ਬਰਕਰਾਰ ਹੈ। ਇਸੇ ਲਈ ਅਸੀਂ ਉਨਾਂ "ਬੁੱਧੀਜੀਵੀ" ਦੋਸਤਾਂ, ਜਿਹੜੇ ਇਸ ਮਸਲੇ 'ਤੇ ਕੋਈ ਸਰਗਰਮੀ ਕਰਨ ਨੂੰ ਤਿਆਰ ਨਹੀਂ ਸਨ ਅਤੇ ਬਹੁਤ ਹੀ ਭਰੋਸੇ ਨਾਲ ਕਹਿੰਦੇ ਸਨ ਕਿ ਹਾਕਮ ਫਾਂਸੀ ਨਹੀਂ ਦਿੰਦੇ, ਦੀਆਂ ਅੱਖਾਂ ਖੋਲਣ ਲਈ ਇਹ ਲੇਖ ਛਾਪ ਰਹੇ ਹਾਂ ਤਾਂ ਕਿ ਭਾਰਤੀ ਹਾਕਮਾਂ ਦੇ ਖਾਸੇ ਤੇ ਸੁਭਾਅ ਬਾਰੇ ਉਹ ਆਪਣੇ ਗੈਰ ਹਕੀਕੀ ਨਿਰਣਿਆਂ 'ਤੇ ਮੁੜ ਝਾਤ ਮਾਰ ਸਕਣ।

–ਸੰਪਾਦਕ)

ਭਾਈ ਸਤਵੰਤ ਸਿੰਘ ਤੇ ਭਾਈ ਕਿਹਰ ਸਿੰਘ ਦੀ ਫਾਂਸੀ ਦਾ ਪੈਂਡਾ ਬੜਾ ਹੀ ਬਿਖੜਾ (tortuors) ਹੋ ਨਿਬੜਿਆ ਹੈ। 2 ਦਸੰਬਰ ਦੀ ਸਵੇਰ ਨੂੰ ਭਾਰਤ ਦੇ ਬੁਜ਼ਦਿਲ ਹਾਕਮਾਂ ਨੇ ਇਹਨਾਂ ਅਣਖੀਲੇ ਪੰਜਾਬੀ ਯੋਧਿਆਂ ਨੂੰ ਫਾਂਸੀ 'ਤੇ ਲਟਕਾ ਦੇਣ ਦੇ ਲੱਗਭਗ ਸਭ ਇੰਤਜ਼ਾਮ ਮੁਕੰਮਲ ਕਰ ਲਏ ਸਨ। ਮੇਰਠ ਅਤੇ ਪਟਿਆਲੇ ਤੋਂ ਦੋ ਖਾਨਦਾਨੀ ਜੱਲਾਦ ਦਿੱਲੀ ਦੀ ਤਿਹਾੜ ਜੇਲ 'ਚ ਪਹੁੰਚ ਚੁੱਕੇ ਸਨ। ਫਾਂਸੀ ਦੀ ਸੂਚਨਾ ਦੇਣ ਲਈ ਜੇਲ੍ਹ ਦੇ ਮੁੱਖ ਦੁਆਰ ਉੱਤੇ ਰਿਵਾਜਨ "ਕਾਲੀ ਝੰਡੀ" ਲਹਿਰਾ ਦਿਤੀ ਗਈ ਸੀ। ਮੌਤ ਪੰਜਾਬੀ ਸੂਰਬੀਰਾਂ ਦੇ ਐਨ ਕਰੀਬ ਤੇ ਸਾਹਮਣੇ ਆ ਖੜੋਤੀ ਸੀ। ਫਾਂਸੀ ਕੋਠੀ ਤੇ ਫਾਂਸੀ ਦੇ ਤਖਤੇ ਵਿਚਕਾਰ ਕੁਝ ਕੁ ਕਦਮਾਂ ਦੀ ਵਿੱਥ ਰਹਿ ਗਈ ਸੀ। ਸ਼ਹਾਦਤ ਦੀਆਂ ਗੂੰਜਾਂ ਉਠਣ ਵਿਚ ਬੱਸ ਕੁਝ ਹੀ ਘੰਟੇ ਬਾਕੀ ਰਹਿੰਦੇ ਸਨ ਜਦ ਭਾਰਤ ਦੀ ਸਰਬ-ਉਚ ਅਦਾਲਤ ਨੇ ਜੱਲਾਦਾਂ ਨੂੰ ਪੰਜ ਦਿਨਾਂ ਲਈ ਕਾਰਵਾਈ 'ਤੇ ਰੋਕ ਲਾਉਣ ਦੇ ਆਦੇਸ਼ ਦੇ ਦਿਤੇ।

ਭਾਈ ਕਿਹਰ ਸਿੰਘ ਦੇ ਵਕੀਲ ਨੇ ਇਕ ਅਜਿਹਾ ਕਨੂੰਨੀ ਨੁਕਤਾ ਫੜ ਲਿਆ ਸੀ ਜਿਸ ਨੇ ਭਾਰਤ ਦੀ ਸਰਬ-ਉਚ ਅਦਾਲਤ ਨੂੰ ਸਸ਼ੋਪੰਜ ਤੇ ਕਸ਼ੂਤੀ ਹਾਲਤ 'ਚ ਪਾ ਦਿਤਾ। ਭਾਰਤੀ ਹਾਕਮਾਂ ਉੱਤੇ ਫਾਂਸੀ ਦੀ ਧੁੰਨ ਐਨੀ ਸਵਾਰ ਹੋ ਗਈ ਸੀ ਕਿ ਉਹਨਾਂ ਨੇ ਮੁਕੱਦਮੇ ਦੇ ਕਨੂੰਨੀ ਪਹਿਲੂਆਂ ਵੱਲ ਬਹੁਤੀ ਗੌਰ ਨਹੀਂ ਸੀ ਕੀਤੀ। ਫਿਰਕੂ ਤੁਅੱਸਬਾਂ ਤੇ ਬਦਲੇ-ਖੋਰੀ ਦੀ ਭਾਵਨਾ ਨੇ ਉਹਨਾਂ ਨੂੰ ਅੰਨੇ ਤੇ ਕਮਲੇ ਕਰ ਦਿਤਾ ਹੋਇਆ ਸੀ। ਸੁਪਰੀਮ ਕੋਰਟ ਵਲੋਂ ਭਾਈ ਸਤਵੰਤ ਸਿੰਘ ਤੇ ਕਿਹਰ ਸਿੰਘ ਦੀ ਮੌਤ ਦੀ ਸਜ਼ਾ ਦੀ ਪੁਸ਼ਟੀ ਕਰ ਦਿਤੇ ਜਾਣ ਉਪਰੰਤ ਉਹ ਇਕ ਪਲ ਵੀ ਜਾਇਆ ਨਹੀਂ ਸਨ ਕਰਨਾ ਚਾਹੁੰਦੇ। ਇਸ ਕਰਕੇ, ਰਾਜੀਵ ਗਾਂਧੀ ਦੀ ਵਜ਼ਾਰਤੀ ਜੁੰਡਲੀ ਨੇ ਤੱਟਫੱਟ ਮੀਟਿੰਗ ਕਰਕੇ ਰਾਸ਼ਟਰਪਤੀ ਕੋਲ ਇਹ ਹਦਾਇਤ-ਨੁਮਾ 'ਸਲਾਹ' ਪਹੁੰਚਦੀ ਕਰ ਦਿਤੀ ਕਿ ਭਾਈ ਕਿਹਰ ਸਿੰਘ ਦੀ ਤਰਫੋਂ ਆਈ ਰਹਿਮ ਦੀ ਕਿਸੇ ਵੀ ਅਪੀਲ ਨੂੰ ਤੁਰੰਤ ਨਾਮਨਜ਼ੂਰ ਕਰ ਦਿਤਾ ਜਾਵੇ। ਜੀ ਹਜ਼ੂਰੀਏ ਰਾਸ਼ਟਰਪਤੀ ਨੇ ਵਜ਼ਾਰਤੀ ਜੁੰਡਲੀ ਦੀ ਰਜ਼ਾ ਪੂਰੀ ਕਰਨ ਲਈ ਐਨੀ ਕਾਹਲੀ ਦਿਖਾਈ ਕਿ ਉਸਨੂੰ ਰਾਹ ਵਿਚਲੇ "ਕਨੂੰਨੀ ਖੱਡਿਆਂ', ਦਾ ਚੇਤਾ ਹੀ ਭੁੱਲ ਗਿਆ। ਭਾਈ ਕਿਹਰ ਸਿੰਘ ਦੇ ਵਕੀਲ (ਰਾਮ ਜੇਠ ਮਲਾਨੀ) ਨੇ ਰਾਸ਼ਟਰਪਤੀ ਨੂੰ ਉਸਦੀ ਇਸ ਕਨੂੰਨੀ ਕੁਤਾਹੀ ਬਦਲੇ ਬੌਦੀ ਤੋਂ ਫੜ ਲਿਆ ਅਤੇ ਰਾਸ਼ਟਰ-ਪਤੀ ਦੀ ਕਾਨੂੰਨੋਂ-ਬਾਹਰੀ ਕਾਰਵਾਈ ਵਿਰੁੱਧ ਸੁਪਰੀਮ ਕੋਰਟ ਦਾ ਦਰ ਜਾ ਖੜਕਾਇਆ।

ਜਿਸ ਸੁਪਰੀਮ ਕੋਰਟ ਨੇ ਅਜੇ ਕੁਝ ਦਿਨ ਪਹਿਲਾਂ ਫਾਂਸੀ ਦੀ ਸਜ਼ਾ ਦੀ ਪੁਸ਼ਟੀ ਕਰਦਿਆਂ ਭਾਈ ਸਤਵੰਤ ਸਿੰਘ ਤੇ ਕਿਹਰ ਸਿੰਘ ਵਿਰੁੱਧ ਅੰਤਾਂ ਦੀ ਨਫਰਤ ਉਗਲੱਛੀ ਸੀ, ਉਸ ਕੋਲੋਂ ਕਿਸੇ ਇਨਸਾਫ ਜਾਂ ਰਹਿਮ ਦੀ ਉਮੀਦ ਕਰਨੀ ਫਜ਼ੂਲ ਸੀ। ਪਰ ਰਾਸ਼ਟਰਪਤੀ ਦੁਆਰਾ ਕਨੂੰਨੀ ਬੇਪਤੀ ਦੇ ਐਨੇ ਜ਼ਾਹਰ ਹੋ ਚੁੱਕੇ ਮਾਮਲੇ ਉੱਤੇ ਪਰਦਾਪੋਸ਼ੀ ਕਰ ਸਕਣਾ ਸੁਪਰੀਮ ਕੋਰਟ ਦੇ ਵੱਸ ਦਾ ਰੋਗ ਨਹੀਂ ਸੀ ਰਹਿ ਗਿਆ। ਖਾਸ ਕਰਕੇ, ਹਾਕਮਾਂ ਦੀ ਧਿਰ ਅੰਦਰਲੇ ਹੀ ਕੁੱਝ ਕਾਨੂੰਨੀ ਮਾਹਰਾਂ ਤੇ ਨਾਮਵਰ ਸਖਸ਼ੀਅਤਾਂ ਨੇ ਭਾਈ ਕੇਹਰ ਸਿੰਘ ਨਾਲ ਕਾਨੂੰਨੀ ਪੱਖ ਤੋਂ ਹੋ ਰਹੀ ਨੰਗੀ-ਚਿੱਟੀ ਬੇਇਨਸਾਫੀ ਵਿਰੁੱਧ ਜੋ ਜੋਰਦਾਰ ਪਰਚਾਰ ਵਿੱਢ ਦਿੱਤਾ ਸੀ, ਉਸ ਦੇ ਸਨਮੁਖ, ਸੁਪਰੀਮ ਕੋਰਟ ਲਈ, ਭਾਰਤ ਸਰਕਾਰ ਤੇ ਇਸਦੇ ਰਾਸ਼ਟਰਪਤੀ ਦਾ ਨੰਗੇ ਰੂਪ 'ਚ ਪੱਖ ਪੂਰ ਸਕਣਾ ਸੁਖਾਲਾ ਨਹੀਂ ਸੀ ਰਹਿ ਗਿਆ। ਇਸ ਕਰਕੇ ਸੁਪਰੀਮ ਕੋਰਟ ਦੇ ਜੱਜ ਹਫਤਾ ਭਰ ਦੁਬਿਧਾ 'ਚ ਫਸੇ ਸਿਰ ਖੁਰਕਦੇ ਰਹੇ। ਅਖੀਰ ਉਹ ਅੱਧ-ਮੰਨੇ ਚਿੱਤ ਨਾਲ ਰਾਸ਼ਟਰਪਤੀ ਨੂੰ ਇਹ ਆਖਣ ਲਈ ਮਜਬੂਰ ਹੋ ਗਏ ਕਿ ਉਹ ਕੇਹਰ ਸਿੰਘ ਦੀ ਅਪੀਲ ਉੱਤੇ ਮੁੜ ਗੌਰ ਕਰੇ ਅਤੇ ਕੇਸ ਦਾ ਨਿਪਟਾਰਾ ਗੁਣ-ਦੋਸ਼ ਦੇ ਅਧਾਰ 'ਤੇ ਕਰੇ। ਇਸ ਤਰਾਂ ਜਿਨਾਂ ਚਿਰ ਇਹ ਕਾਨੂੰਨੀ ਕਾਰਵਾਈ ਮੁਕੰਮਲ ਨਹੀਂ ਹੋ ਜਾਂਦੀ ਉਨੇ ਚਿਰ ਲਈ ਫਾਂਸੀ 'ਤੇ ਅਮਲ ਰੁਕਿਆ ਰਹੇਗਾ। ਅਤੇ ਜਿਨਾਂ ਚਿਰ ਇਸ ਕੇਸ ਦਾ ਨਿਪਟਾਰਾ ਨਹੀਂ ਹੋ ਜਾਂਦਾ ਉਨਾ ਚਿਰ

ਭਾਈ ਸਤਵੰਤ ਸਿੰਘ ਤੇ ਕਿਹਰ ਸਿੰਘ ਦੇ ਹਮਦਰਦਾਂ ਦੇ ਮਨਾਂ ਅੰਦਰ ਇਹ ਸੁਆਲ ਸੂਲੀ ਵਾਂਗ ਲਟਕਿਆ ਰਹੇਗਾ ਕਿ ਕੀ ਸਿੱਖ ਭਾਈਚਾਰੇ ਦੇ ਸਵੈਮਾਨ ਦਾ ਚਿੰਨ੍ਹ ਹੋ ਗੁਜਰੇ ਇਹਨਾਂ ਸੂਰਬੀਰ ਯੋਧਿਆਂ ਨਾਲ ਆਖਰਕਾਰ ਨਿਆਂ ਹੋ ਸਕੇਗਾ ਕਿ ਨਹੀਂ?

"ਜਨਤਕ ਪੈਗਾਮ" ਦੇ ਪਿਛਲੇ ਅੰਕਾਂ ਅੰਦਰ ਅਸੀਂ ਇਹ ਗੱਲ ਵਾਰ ਵਾਰ ਦੁਹਰਾਉਂਦੇ ਰਹੇ ਹਾਂ ਕਿ ਭਾਰਤ ਦੇ ਫਿਰਕਾਪ੍ਰਸਤ ਹਾਕਮ ਭਾਈ ਸਤਵੰਤ ਸਿੰਘ ਤੇ ਕਿਹਰ ਸਿੰਘ ਨਾਲ ਰਤੀ ਭਰ ਵੀ ਰਿਆਇਤ ਨਹੀਂ ਕਰਨਗੇ, ਅਤੇ ਉਹਨਾਂ ਨੇ ਇੰਦਰਾ ਗਾਂਧੀ ਦਾ ਗਰੂਰ ਭੰਨਣ ਵਾਲੇ ਇਨ੍ਹਾਂ ਅਣਖੀਲੇ ਯੋਧਿਆਂ ਨੂੰ ਫਾਂਸੀ ਤੇ ਲਟਕਾਉਣ ਦੀ ਪੱਕੀ ਨੀਤ ਧਾਰੀ ਹੋਈ ਹੈ। ਇਹ ਨਿਰਣਾ ਸਾਡੀ ਆਪਮਤੀ ਸੋਚ ਦੀ ਉਪਜ ਨਹੀਂ ਸੀ, ਸਗੋਂ ਭਾਰਤ ਦੇ ਹਾਕਮਾਂ ਦੇ ਸਮੁੱਚੇ ਕਿਰਦਾਰ ਵਿਹਾਰ ਤੇ ਮਸਲੇ ਦੀ ਠੋਸ ਪ੍ਰਸੰਗਕਿਤਾ ਦੀ ਛਾਣਬੀਣ'ਤੇ ਆਧਾਰਿਤ ਸੀ। ਸਿੱਖ ਜਗਤ ਅੰਦਰਲੇ ਕੁੱਝ ਹਿਸੇ ਇਸ ਦਾਅਵੇ ਨੂੰ ਸਵੀਕਾਰਨ ਲਈ ਤਿਆਰ ਨਹੀਂ ਸਨ। ਉਹ ਇਹ "ਪੱਕਾ ਯਕੀਨ" ਕਰੀ ਬੈਠੇ ਹਨ ਕਿ ਭਾਰਤੀ ਹਾਕਮ ਫਾਂਸੀ ਦੇ ਮਸਲੇ ਨੂੰ ਸਿਖ ਸੰਘਰਸ਼ ਵਿਰੁੱਧ ਇਕ ਢਾਹ-ਲਾਊ ਹਥਿਆਰ ਵਜੋਂ ਵਰਤਣ ਦੀ ਮੰਦ ਤੇ ਵਿਉਂਤ ਉਤੇ ਚੱਲ ਰਹੇ ਹਨ। ਭਾਵ, ਭਾਰਤ ਦੇ ਸ਼ਾਤਰ ਹਾਕਮ ਅਕਾਲੀਆਂ ਜਾਂ ਸਮਝੌਤੇ ਵਲ ਰੁਚੀ ਰਖਦੇ ਖਾੜਕੂਆਂ ਨਾਲ ਰਾਜਸੀ ਸੌਦੇਬਾਜ਼ੀ ਦੇ ਮਕਸਦ ਨਾਲ ਭਾਈ ਸਤਵੰਤ ਸਿੰਘ ਤੇ ਕਿਹਰ ਸਿੰਘ ਦੀ ਫਾਂਸੀ ਦੀ ਸਜ਼ਾ ਮਨਸੂਖ ਕਰਕੇ ਇਸਨੂੰ ਉਮਰ ਕੈਦ 'ਚ ਤਬਦੀਲ ਕਰਨ ਦੀ ਸਾਜ਼ਸ਼ ਉਤੇ ਚਲ ਰਹੇ ਹਨ। ਸੁਪਰੀਮ ਕੋਰਟ ਦੇ ਹਾਲ੍ਹੀਆ ਫੈਸਲੇ ਨਾਲ ਇਸ ਤਰਾਂ ਦੇ ਵਿਚਾਰਾਂ ਨੂੰ ਹੋਰ ਉਤਸ਼ਾਹ ਤੇ ਬਲ ਮਿਲ ਸਕਦਾ ਹੈ। ਇਸ ਕਰਕੇ ਸੁਪਰੀਮ ਕੋਰਟ ਦੀ ਇਸ ਕਾਰਵਾਈ ਨੂੰ ਦਰੁਸਤ ਪ੍ਰਸੰਗ 'ਚ ਰੱਖਕੇ ਦੇਖਣ ਤੇ ਸਮਝਣ ਦੀ ਲੋੜ ਹੈ।

## ਹਾਕਮ ਫਾਂਸੀ ਲਾਉਣ ਲਈ ਤਹੂ ਸਨ–ਤੇ ਅਜੇ ਵੀ ਹਨ

ਭਾਵੇਂ ਸੁਪਰੀਮ ਕੋਰਟ ਦੇ ਆਦੇਸ਼ ਨਾਲ ਜੱਲਾਦਾਂ ਦੇ ਹੱਥ ਆਰਜ਼ੀ ਤੌਰ 'ਤੇ ਰੁਕ ਗਏ ਹਨ ਪਰ ਘਟਨਾਵਾਂ ਦੇ ਵਿਕਾਸ-ਅਮਲ ਨੇ ਇਹ ਗੱਲ ਚਿੱਟੇ ਦਿਨ ਵਾਂਗ ਸਪਸ਼ਟ ਕਰ ਦਿੱਤੀ ਹੈ ਕਿ ਰਾਜੀਵ ਜੁੰਡਲੀ ਭਾਈ ਸਤਵੰਤ ਸਿੰਘ ਹੁਰਾਂ ਨੂੰ ਜਲਦਬਾਜ਼ੀ 'ਚ ਫਾਹੇ ਲਟਕਾਉਣ ਲਈ ਪੂਰੀ ਤਹੂ ਸੀ, ਤੇ ਅੱਜ ਵੀ ਹੈ। ਰਾਸ਼ਟਰਪਤੀ ਨੇ ਭਾਈ ਕਿਹਰ ਸਿੰਘ ਦੀ ਅਪੀਲ 24 ਨਵੰਬਰ ਨੂੰ ਹੀ ਰੱਦ ਕਰ ਦਿਤੀ ਸੀ ਪਰ 30 ਨਵੰਬਰ ਤੱਕ ਇਸ ਬਾਰੇ ਬਾਹਰ ਉਕਾ ਹੀ ਭਾਫ ਨਹੀਂ ਨਿਕਲਣ ਦਿੱਤੀ। ਇਥੋਂ ਤੱਕ ਕਿ ਭਾਈ ਕਿਹਰ ਸਿੰਘ ਦੇ ਵਕੀਲ ਨੂੰ ਵੀ ਇਸ ਬਾਰੇ ਕੋਈ ਸੂਚਨਾ ਨਹੀਂ ਦਿਤੀ ਗਈ। ਦਿੱਲੀ ਦੇ ਲੈਫਟੀਨੈਂਟ ਗਵਰਨਰ ਨੇ 25 ਨਵੰਬਰ ਨੂੰ "ਕਾਲੇ ਵਰੰਟਾਂ" 'ਤੇ ਦਸਖਤ ਕਰਦੇ ਹੋਏ ਫਾਂਸੀ ਲਈ ਦੋ ਦਸੰਬਰ ਦੀ ਪੱਕੀ ਤਰੀਕ ਮੁਕੱਰਰ ਕਰ ਦਿਤੀ ਸੀ ਪਰ ਹਫਤਾ ਭਰ ਇਸ ਬਾਰੇ ਬਾਹਰ ਕੋਈ ਉੱਕਾ ਹੀ ਭਿਣਕ ਨਹੀਂ ਪੈਣ ਦਿਤੀ। ਇਥੋਂ ਤੱਕ ਕਿ ਭਾਈ ਸਤਵੰਤ ਸਿੰਘ ਦੇ ਵਕੀਲ ਨੂੰ ਫਾਂਸੀ ਦੀ ਤਰੀਕ ਬਾਰੇ ਪਹਿਲੀ ਦਸੰਬਰ ਨੂੰ ਅਚਨਚੇਤ ਅਖਬਾਰ ਦੀ ਖਬਰ ਤੋਂ ਹੀ ਪਤਾ ਲੱਗਾ। ਇਸ ਤੋਂ ਪਹਿਲਾਂ ਭਾਈ ਸਤਵੰਤ ਸਿੰਘ ਦੀ ਤਰਫੋਂ ਦਾਇਰ ਕੀਤੀ ਇਕ ਤੋਂ ਬਾਅਦ ਦੂਜੀ ਪਟੀਸ਼ਨ ਨੂੰ ਹੈਰਾਨੀ-ਭਰੀ ਫੁਰਤੀ ਨਾਲ ਰੱਦ ਕੀਤੇ ਜਾਣ ਦਾ ਸਿਲਸਿਲਾ ਚੱਲ ਚੁੱਕਾ ਸੀ। ਭਾਈ ਸਤਵੰਤ ਸਿੰਘ ਦੇ ਵਕੀਲ (ਆਰ. ਐਸ. ਸੋਢੀ) ਨੇ ਜਦ ਪਹਿਲੀ ਦਸੰਬਰ ਨੂੰ ਜਲੰਧਰ ਤੋਂ ਸ਼ੂਟ ਵੱਟਕੇ ਦਿੱਲੀ ਵਿਖੇ ਹਾਈਕੋਰਟ 'ਚ ਅਪੀਲ ਦਾਇਰ ਕਰਕੇ ਫਾਂਸੀ 'ਤੇ ਰੋਕ ਲਾਉਣ ਦਾ ਆਖਰੀ ਯਤਨ ਕੀਤਾ ਤਾਂ ਹਾਈਕੋਰਟ ਦਾ ਵਤੀਰਾ ਸਿਰੇ ਦਾ ਦੁਸ਼ਮਣੀ ਭਰਿਆ ਸੀ। ਇਹ ਜਾਣਦੇ ਹੋਏ ਵੀ ਕਿ ਸਤਵੰਤ ਸਿੰਘ ਕੋਲ ਕਾਨੂੰਨੀ ਲੜਾਈ ਲੜਨ ਦੀ ਇਕੋ ਆਖਰੀ ਦਿਹਾੜੀ ਬਾਕੀ ਸੀ,ਹਾਈ-ਕੋਰਟ ਨੇ ਆਥਣ ਦੇ ਚਾਰ ਵਜੇ ਉਸਦੀ ਅਪੀਲ ਨਾ-ਮਨਜ਼ੂਰ ਕਰ ਦਿੱਤੀ। ਚਾਰ ਵਜੇ ਤੋਂ ਬਾਅਦ ਸੁਪਰੀਮ ਕੋਰਟ 'ਚ ਲਿਖਤੀ ਅਪੀਲ ਦਾਇਰ ਕਰਨ ਦਾ ਕੋਈ ਵੀ ਸਮਾਂ ਨਹੀਂ ਸੀ ਬਚਿਆ। ਇਸ ਕਰਕੇ ਭਾਈ ਸਤਵੰਤ ਸਿੰਘ ਦੇ ਵਕੀਲ ਨੇ ਹਾਈਕੋਰਟ ਤੋਂ ਨਿਰਾਸ਼ ਹੋਕੇ ਸਾਢੇ ਚਾਰ ਵਜੇ ਸੁਪਰੀਮ ਕੋਰਟ ਅੰਦਰ ਜ਼ਬਾਨੀ ਅਪੀਲ ਦਾਇਰ ਕਰਨ ਦਾ ਆਖਰੀ ਤਰਲਾ ਮਾਰਿਆ। ਇਹ ਜਾਣਦੇ ਹੋਏ ਕਿ ਭਾਰਤੀ ਹਾਕਮ ਸਤਵੰਤ ਸਿੰਘ ਨੂੰ ਹਰ ਹੀਲੇ ਫਾਂਸੀ 'ਤੇ ਲਟਕਾਉਣ ਲਈ ਕਾਹਲੇ ਪਏ ਹੋਏ ਹਨ, (ਵਕੀਲ) ਆਰ. ਐੱਸ. ਸੋਢੀ ਨੂੰ ਸੁਪਰੀਮ ਕੋਰਟ ਦੇ ਬੈਂਚ ਮੂਹਰੇ ਇਹ ਤਰਲਾ ਕਰਨਾ ਪਿਆ ਕਿ "ਜੇਕਰ ਤੁਸੀਂ ਸਤਵੰਤ ਸਿੰਘ ਨੂੰ ਫਾਂਸੀ 'ਤੇ ਲਟਕਾਉਣਾ ਹੀ ਹੈ ਤਾਂ ਲਟਕਾ ਦਿਓ,ਪਰ ਰੱਬ ਦੇ ਵਾਸਤੇ ਉਸਨੂੰ ਮਾਰਨ ਤੋਂ ਪਹਿਲਾਂ ਉਸਦਾ ਬਿਆਨ ਤਾਂ ਦਰਜ ਕਰ ਲਓ।" ਮੈਜਿਸਟਰੇਟ ਤੋਂ ਲੈ ਕੇ ਹਾਈਕੋਰਟ ਤੱਕ, ਝੂਠ ਦੀਆਂ ਸਭਨਾਂ ਦੁਕਾਨਾਂ ਨੇ ਭਾਈ ਸਤਵੰਤ ਸਿੰਘ ਦੀ ਇਹ ਮੰਗ ਪਹਿਲੋਂ ਹੀ ਠੁਕਰਾ ਦਿੱਤੀ ਸੀ। ਅਤੇ ਇਨਸਾਫ ਦੇ ਬੋਲੇ ਕੰਨਾਂ ਨੇ ਭਾਈ ਸਤਵੰਤ ਸਿੰਘ ਦੀ ਉਹਨਾਂ ਦੋ ਕਮਾਂਡੋਆਂ ਜਿਹਨਾਂ ਉਤੇ ਭਾਈ ਬੇਅੰਤ ਸਿੰਘ ਨੂੰ ਕਤਲ ਕਰਨ ਤੇ ਸਤਵੰਤ ਸਿੰਘ ਨੂੰ ਗੰਭੀਰ ਰੂਪ 'ਚ ਜ਼ਖਮੀ ਕਰਨ ਦਾ ਦੋਸ਼ ਹੈ, ਉਤੇ ਕਤਲ ਦਾ ਕੇਸ ਚਲਾਉਣ ਦੀ ਮੰਗ ਵੀ ਅਣਸੁਣੀ ਕਰ ਛੱਡੀ ਸੀ। ਸੁਪਰੀਮ ਕੋਰਟ ਕਿਉਂਕਿ ਉਸ ਦਿਨ ਪਹਿਲਾਂ ਹੀ ਭਾਈ ਕਿਹਰ ਸਿੰਘ ਦੀ ਫਾਂਸੀ ਦੀ ਕਾਰਵਾਈ 'ਤੇ ਰੋਕ ਲਾ ਚੁੱਕੀ ਸੀ,ਇਸ ਲਈ, ਉਸਨੂੰ ਆਥਣ ਦੇ ਸਾਢੇ ਪੰਜ ਵਜੇ ਸਤਵੰਤ ਸਿੰਘ ਦੀ ਅਪੀਲ ਦਾਇਰ ਕਰਨ ਦੀ 'ਦਿਆਲਤਾ' ਦਿਖਾਉਣੀ ਪੈ ਗਈ। ਹਾਕਮਾਂ ਦਾ ਵਤੀਰਾ ਇਸ ਹੱਦ ਤੱਕ ਘਿਨਾਉਣਾ ਤੇ ਦੁਸ਼ਮਣੀ ਭਰਿਆ ਸੀ ਕਿ ਉਹਨਾਂ ਨੇ ਪਹਿਲੀ ਦਸੰਬਰ ਨੂੰ ਸਤਵੰਤ ਸਿੰਘ ਦੇ ਬਜ਼ੁਰਗ ਬਾਪ (ਭਾਈ ਤਰਲੋਕ ਸਿੰਘ) ਨੂੰ ਪਟੀਸ਼ਨ ਦਾਇਰ ਕਰਨੋਂ ਰੋਕਣ ਦੇ ਮੰਤਵ ਨਾਲ ਸਾਰੀ ਦਿਹਾੜੀ ਸਖਤ ਪਹਿਰੇ ਹੇਠ

ਘੇਰੀ ਰਖਿਆ। ਰਾਜੀਵ ਜੁੰਡਲੀ ਦੇ ਐਡੇ ਪਰਤੱਖ ਦੁਸ਼ਮਣ ਖੋਰ ਰਵੱਈਏ ਦੇ ਸਨਮੁੱਖ ਵੀ ਜੇ ਕਿਸੇ ਨੂੰ ਇਹ ਭੁਲੇਖਾ ਜਾਂ ਗਲਤਫਹਿਮੀ ਹੈ ਕਿ ਭਾਰਤ ਦੇ ਹਾਕਮ ਅਕਾਲੀਆਂ ਨਾਲ ਸੌਦੇਬਾਜ਼ੀ ਕਰਨ ਲਈ ਭਾਈ ਸਤਵੰਤ ਸਿੰਘ ਹੁਰਾਂ ਦੀ ਫਾਂਸੀ ਦੀ ਸਜ਼ਾ ਮਨਸੂਖ ਕਰਨ ਦੀ ਵਿਉਂਤ ਬਣਾਈ ਬੈਠੇ ਹਨ, ਤਾਂ ਇਸਨੂੰ ਹੱਦ ਦਰਜੇ ਦੀ ਸਿਆਸੀ ਅਨਪੜ੍ਹਤਾ ਦਾ ਨਾਂ ਹੀ ਦਿਤਾ ਜਾ ਸਕਦਾ ਹੈ।

## ਭਾਈ ਕਿਹਰ ਸਿੰਘ ਦਾ ਮਾਮਲਾ ਭਾਰਤੀ ਹਾਕਮਾਂ ਦੇ ਗਲ ਗਾਹੀ

ਸੁਪਰੀਮ ਕੋਰਟ ਦੁਆਰਾ ਭਾਈ ਕਿਹਰ ਸਿੰਘ ਦੀ ਅਪੀਲ ਬਾਰੇ ਕੀਤੇ ਤਾਜ਼ਾ-ਤਰੀਨ ਫੈਸਲੇ ਨੇ ਬਿਨਾਂ ਸ਼ੱਕ ਰਾਜੀਵ ਜੁੰਡਲੀ ਨੂੰ ਇਕ ਵਾਰ ਕਸੂਤੀ ਹਾਲਤ 'ਚ ਫਸਾ ਦਿੱਤਾ ਹੈ, ਪਰ ਇਸ 'ਚੋਂ ਬਹੁਤੇ ਵਧਵੇਂ ਅਰਥ ਕੱਢਣੇ ਗਲਤ ਹੋਣਗੇ। ਇਹ ਗੱਲ ਪਹਿਲਾਂ ਹੀ ਪਰਤੱਖ ਸੀ ਕਿ ਭਾਰਤ ਦੇ ਹਾਕਮ ਭਾਈ ਕਿਹਰ ਸਿੰਘ ਖਿਲਾਫ਼ ਕੋਈ ਵੀ ਜਚਣਹਾਰ ਸਬੂਤ ਪੇਸ਼ ਕਰਨ 'ਚ ਪੂਰੀ ਤਰ੍ਹਾਂ ਨਾਕਾਮ ਰਹੇ ਹਨ। ਉਹਨਾਂ ਨੇ ਭਾਈ ਕਿਹਰ ਸਿੰਘ ਤੇ ਬਲਬੀਰ ਸਿੰਘ ਖਿਲਾਫ਼ ਜੋ ਸਾਜ਼ਸ਼ ਦਾ 'ਚਿੱਠਾ' ਤਿਆਰ ਕੀਤਾ ਹੈ, ਉਸ ਸਾਹਮਣੇ ਕਨੂੰਨ ਤੇ ਇਨਸਾਫ ਨੂੰ ਉਂਜ ਹੀ ਪਾਣੀ ਪਾਣੀ ਹੋ ਜਾਣਾ ਚਾਹੀਦਾ ਸੀ। ਪਰ ਜਿਹੜੇ ਕਨੂੰਨ ਦਾ ਗਲੀਜ਼ ਧੰਦਾ ਹੀ ਹਾਕਮਾਂ ਦਾ ਪਾਣੀ ਭਰਨਾ ਹੋਵੇ ਉਸ ਨੂੰ ਪਾਣੀ ਪਾਣੀ ਹੋਣਾਂ ਕੀ ਆਖੇ! ਸੈਸ਼ਨ ਕੋਰਟ ਤੇ ਹਾਈਕੋਰਟ ਨੇ ਰਾਜੀਵ ਜੁੰਡਲੀ ਦੇ ਇਸ਼ਾਰੇ 'ਤੇ ਨਚਦਿਆਂ ਸਤਵੰਤ ਸਿੰਘ ਸਮੇਤ ਭਾਈ ਕਿਹਰ ਸਿੰਘ ਤੇ ਬਲਬੀਰ ਸਿੰਘ ਨੂੰ ਵੀ ਮੌਤ ਦੀ ਸਜ਼ਾ ਸੁਣਾ ਦਿੱਤੀ ਸੀ। ਬਾਅਦ 'ਚ "ਇਨਸਾਫ ਦੇ ਸਭ ਤੋਂ ਉਤਲੇ ਮੰਦਰ" ਵਜੋਂ ਜਾਣੀ ਜਾਂਦੀ,ਸੁਪਰੀਮ ਕੋਰਟ ਨੇ ਇਨਸਾਫ-ਪ੍ਰਣਾਲੀ ਦਾ ਮੂਲੋਂ ਹੀ ਜਲੂਸ ਨਿਕਲ ਜਾਣ ਦੇ ਡਰੋਂ ਭਾਈ ਬਲਬੀਰ ਸਿੰਘ ਨੂੰ "ਬੇਦੋਸ਼ਾ" ਸਾਬਤ ਕਰਕੇ ਆਪਣੀ ਜਣੇਂ ਭਾਰਤੀ ਨਿਆਂ-ਪ੍ਰਣਾਲੀ ਦਾ ਕਰੂਪ ਚਿਹਰਾ ਢਕਣ ਦਾ ਯਤਨ ਕੀਤਾ ਸੀ, ਪਰ ਉਸਦਾ ਇਹ ਯਤਨ ਸਗੋਂ ਹੋਰ ਵੀ ਪੁੱਠਾ ਪੈ ਤੁਰਿਆ। ਭਾਰਤੀ ਰਾਜ-ਪ੍ਰਬੰਧ ਦੇ ਹੀ ਖੈਰ-ਖੁਆਹ ਕੁਝ ਕਾਨੂੰਨੀ ਮਾਹਰਾਂ ਨੇ ਭਾਰਤੀ ਹਾਕਮਾਂ ਦੇ ਇਹ ਗੱਲ ਖਾਨੇ ਪਾਉਣ ਦੀ ਕੋਸ਼ਿਸ਼ ਕੀਤੀ ਕਿ ਇਨਸਾਫ ਦਾ ਜੋ ਗਜ਼ ਸੁਪਰੀਮ ਕੋਰਟ ਨੇ ਬਲਬੀਰ ਸਿੰਘ 'ਤੇ ਲਾਗੂ ਕੀਤਾ ਹੈ, ਉਹੀ ਕਿਹਰ ਸਿੰਘ 'ਤੇ ਵੀ ਲਾਗੂ ਹੁੰਦਾ ਹੈ, ਅਤੇ ਜੇਕਰ ਨਿਆਂ-ਪ੍ਰਣਾਲੀ ਦਾ ਨੰਗ ਢਕਣਾ ਹੀ ਹੈ ਤਾਂ ਅੱਧਾ ਕਿਉਂ ਢਕਦੇ ਹੋ, ਪੂਰਾ ਕਿਉਂ ਨਹੀਂ? ਭਾਵ, ਹਾਕਮ ਜਮਾਤ ਦੀ ਫਿਰ ਅੰਦਰ ਹੀ ਇਕ ਇਹ ਵਿਚਾਰ ਜ਼ੋਰ ਨਾਲ ਉਠ ਖੜ੍ਹਾ ਹੋਇਆ ਕਿ ਜੇਕਰ ਭਾਰਤੀ ਲੋਕਾਂ ਸਾਹਮਣੇ ਇਨਸਾਫ ਦਾ ਉਹਲਾ ਬਣਾਈ ਰੱਖਣਾ ਹੈ ਤਾਂ ਭਾਈ ਕਿਹਰ ਸਿੰਘ ਨੂੰ ਐਨੇ ਕੱਚੇ-ਪਿੱਲੇ ਅਧਾਰ 'ਤੇ ਫਾਂਸੀ ਦੇਣ ਤੋਂ ਗੁਰੇਜ਼ ਕੀਤਾ ਜਾਣਾ ਚਾਹੀਦਾ ਹੈ। ਇਸ ਵਿਚਾਰ-ਨਜ਼ਰ ਅਨੁਸਾਰ ਭਾਈ ਕਿਹਰ ਸਿੰਘ ਨੂੰ ਬਿਨਾਂ ਜਚਵੇਂ ਅਧਾਰ ਦੇ ਫਾਂਸੀ ਲਾਉਣ ਨਾਲ ਸਿੱਖ ਭਾਈਚਾਰੇ ਅੰਦਰ ਬੇਗਾਨਗੀ ਤੇ ਅਲ-ਹਿਦਗੀ ਦੀਆਂ ਭਾਵਨਾਵਾਂ ਨੂੰ ਹੋਰ ਬਲ ਮਿਲੇਗਾ, ਅਤੇ ਇਓਂ ਇਹ ਫਾਂਸੀ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਓਨੀ ਹੀ ਮਹਿੰਗੀ ਹੋ ਨਿਬੜੇਗੀ ਜਿੰਨਾ ਸਾਕਾ 'ਬਲਿਊ ਸਟਾਰ' ਹੋਇਆ ਸੀ। ਇਹ ਹੈ ਉਹ ਸਿਆਸੀ ਪੈਂਤੜਾ ਜਿਸ ਅਧਾਰ 'ਤੇ ਭਾਈ ਕਿਹਰ ਸਿੰਘ ਦੇ ਵਕੀਲ ਸਮੇਤ ਹਾਕਮ ਜਮਾਤਾਂ ਅੰਦਰਲੀਆਂ ਕੁਝ ਧਿਰਾਂ ਭਾਈ ਕਿਹਰ ਸਿੰਘ ਦਾ ਪੱਖ ਲੈ ਰਹੀਆਂ ਹਨ। ਜਿਸ ਵਿਅਕਤੀ ਖਿਲਾਫ਼ ਭਾਰਤ ਦੇ ਹਾਕਮਾਂ ਕੋਲੋਂ ਪੂਰਾ ਜ਼ੋਰ ਲਾਉਣ ਦੇ ਬਾਵਜੂਦ ਵੀ ਜਚਣਹਾਰ ਮੁਕੱਦਮਾ ਨਹੀਂ ਬਣਾਇਆ ਜਾ ਸਕਿਆ, ਉਸ ਉਤੇ 'ਰਹਿਮ' ਦਾ ਦਿਖਾਵਾ ਕਰਕੇ ਉਹ ਸਮੁੱਚੇ ਭਾਰਤੀ ਲੋਕਾਂ, ਖਾਸ ਕਰਕੇ ਸਿੱਖ ਭਾਈਚਾਰੇ ਦੀਆਂ ਅੱਖਾਂ 'ਚ ਘੱਟਾ ਪਾਉਣ ਦੇ ਕਪਟੀ ਮਨਸ਼ੇ ਪਾਲ ਰਹੇ ਹਨ। ਚਾਹੀਦਾ ਤਾਂ ਇਹ ਹੈ ਕਿ ਜਿਸ ਵਿਅਕਤੀ ਖਿਲਾਫ਼ ਅਦਾਲਤ 'ਚ ਕੋਈ ਦੋਸ਼ ਹੀ ਸਾਬਤ ਨਹੀਂ ਹੋ ਸਕਿਆ ਉਸਨੂੰ ਫੌਰਨ ਰਿਹਾ ਕਰਕੇ ਉਸ ਕੋਲੋਂ (ਤੇ ਸਮੁੱਚੇ ਸਿੱਖ ਭਾਈਚਾਰੇ ਕੋਲੋਂ) ਮਾਫ਼ੀ ਮੰਗੀ ਜਾਵੇ, ਪਰ ਹੋ ਇਹ ਰਿਹਾ ਹੈ ਕਿ ਸੁਪਰੀਮ ਕੋਰਟ (ਜਿਸਨੇ ਭਾਈ ਕਿਹਰ ਸਿੰਘ ਨੂੰ ਫਾਹੇ ਲਾਉਣ ਦੇ ਫੈਸਲੇ ਦੀ ਪੁਸ਼ਟੀ ਕਰ ਰੱਖੀ ਹੋਈ ਹੈ) ਵਲੋਂ ਭਾਈ ਕਿਹਰ ਸਿੰਘ ਨਾਲ ਅਤਿ ਦੀ ਮਜਬੂਰੀ ਵੱਸ ਕੀਤੀ ਇਕ ਨਿਗੂਣੀ ਜਿਹੀ ਰਿਆਇਤ ਨੂੰ ਵੀ ਸਮੁੱਚੇ ਸਿੱਖ ਭਾਈਚਾਰੇ ਸਿਰ ਕੀਤੇ ਕਿਸੇ 'ਭਾਰੇ ਅਹਿਸਾਨ' ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਕਨੂੰਨ ਦੀ ਕੁੜਿਕੀ 'ਚ ਫਸੀ ਸੁਪਰੀਮ ਕੋਰਟ ਨੇ ਸਿਰਫ ਇਹੋ ਹੀ ਕਿਹਾ ਹੈ ਕਿ ਰਾਸ਼ਟਰਪਤੀ ਭਾਈ ਕਿਹਰ ਸਿੰਘ ਦੀ ਰਹਿਮ ਦੀ ਅਪੀਲ ਉਤੇ ਮੁੜ ਗੌਰ ਕਰੇ। (ਉਂਜ ਭਾਈ ਕਿਹਰ ਸਿੰਘ ਨੇ ਰਾਸ਼ਟਰਪਤੀ ਕੋਲੋਂ ਕਿਸੇ ਰਹਿਮ ਦੀ ਭੀਖ ਨਹੀਂ ਮੰਗੀ। ਉਸਨੇ ਆਪਣੇ ਵਕੀਲ ਰਾਹੀਂ ਦਾਇਰ ਕੀਤੀ ਅਪੀਲ ਵਿਚ ਆਪਣੇ "ਨਿਰਦੋਸ਼" ਹੋਣ ਦਾ ਦਾਅਵਾ ਹੀ ਦੁਹਰਾਇਆ ਹੈ) ਸੁਪਰੀਮ ਕੋਰਟ ਅਜੇ ਵੀ ਆਪਣੇ ਇਸ ਫੈਸਲੇ 'ਤੇ ਬਜ਼ਿਦ ਹੈ ਕਿ ਭਾਈ ਕਿਹਰ ਸਿੰਘ ਫਾਂਸੀ ਦੀ ਸਜ਼ਾ ਦਾ ਹੱਕਦਾਰ ਹੈ। ਰਾਜੀਵ ਜੁੰਡਲੀ ਭਾਈ ਸਤਵੰਤ ਸਿੰਘ ਤੇ ਕਿਹਰ ਸਿੰਘ ਨੂੰ ਹਰ ਹੀਲੇ ਫਾਂਸੀ 'ਤੇ ਲਟਕਾਉਣ ਦੀ ਜ਼ਿੱਦ 'ਤੇ ਉਸੇ ਤਰ੍ਹਾਂ ਅੜੀ ਹੋਈ ਹੈ। ਅਜਿਹੀ ਹਾਲਤ ਵਿਚ ਰਾਜੀਵ ਜੁੰਡਲੀ ਦੇ ਜੀ-ਹਜ਼ੂਰੀਏ ਰਾਸ਼ਟਰਪਤੀ (ਜੋ ਅਜੇ ਕੁੱਝ ਦਿਨ ਪਹਿਲਾਂ ਹੀ ਭਾਈ ਕਿਹਰ ਸਿੰਘ ਨੂੰ ਫਾਂਸੀ ਤੇ ਲਟਕਾਉਣ ਦੀ ਸਿਫਾਰਸ਼ ਕਰ ਚੁੱਕਾ ਹੈ) ਕੋਲੋਂ 'ਰਹਿਮ' ਜਾਂ ਇਨਸਾਫ ਦੀ ਭਲਾ ਕੀ ਝਾਕ ਰੱਖੀ ਜਾ ਸਕਦੀ ਹੈ? ਅਤੇ ਰਾਮ ਜੇਠਮਲਾਨੀ ਵਰਗੇ ਜਿਹੜੇ ਸਖਸ਼ ਸੁਪਰੀਮ ਕੋਰਟ ਦੇ ਇਸ ਫੈਸਲੇ ਦਾ ਗੁੱਡਾ ਬੰਨ੍ਹਕੇ ਭਾਰਤ ਦੇ ਲੋਕਾਂ (ਖਾਸ ਕਰਕੇ ਸਿੱਖ ਭਾਈਚਾਰੇ) ਨੂੰ ਇਹ ਗੱਲ ਜਚਾ-ਉਣ ਲਈ ਤਰਲੋਮੱਛੀ ਹੋ ਰਹੇ ਹਨ ਕਿ ਭਾਰਤ ਅੰਦਰ



(ਬਾਕੀ ਸਫਾ 7 ਤੇ)

# ਕਾਲੀ ਗਰਜ ਪ੍ਰਤੀ ਬੇਵਾਸਤਗੀ ਕਿਉਂ ਸੀ ?
# ਅਤੇ ਫਾਂਸੀ ਪ੍ਰਤੀ ਜਨਤਕ ਰੋਹ ਕਿਉਂ ਹੈ ?

ਸਾਕਾ "ਕਾਲੀ ਗਰਜ" ਦੀ ਸਫਲਤਾ ਤੋਂ ਬਾਅਦ ਹਾਕਮਾਂ ਦੇ ਸਿਰਾਂ ਨੂੰ ਇਹ ਖੁਸ਼ਫਹਿਮੀ ਚੜ੍ਹ ਗਈ ਸੀ ਕਿ ਪੰਜਾਬ ਦੇ ਲੋਕ ਉਹਨਾਂ ਦੀ ਹਰ ਨਾਦਰਸ਼ਾਹੀ ਨੂੰ ਚੁੱਪ-ਚਪੀਤਿਆਂ ਹੀ ਜਰ ਜਾਣਗੇ। ਇਸ ਕਰਕੇ ਜਦ ਉਹ ਭਾਈ ਸਤਵੰਤ ਸਿੰਘ ਤੇ ਕਿਹਰ ਸਿੰਘ ਨੂੰ ਫਾਂਸੀ 'ਤੇ ਲਟਕਾਉਣ ਦੀਆਂ ਸਾਜਸ਼ਾਂ ਤਿਆਰ ਕਰ ਰਹੇ ਸਨ ਤਾਂ ਉਹ ਕਿਸੇ ਵੱਡੇ ਜਨਤਕ ਵਿਰੋਧ ਜਾਂ ਰੋਸ ਲਹਿਰ ਦੀ ਤਵੱਕੋ ਨਹੀਂ ਸਨ ਕਰ ਰਹੇ। ਭਾਵੇਂ ਲੋਕ-ਰੋਅ ਦੇ ਭੜਕ ਪੈਣ ਦੀ ਸੰਭਾਵਨਾ ਨੂੰ ਉਹਨਾਂ ਮੂਲੋਂ ਈ ਰੱਦ ਨਹੀਂ ਸੀ ਕੀਤਾ (ਇਸ ਕਰਕੇ ਉਹ ਫਾਂਸੀ ਦੀ ਤਰੀਕ ਦਾ ਅਗਾਊਂ ਐਲਾਨ ਕਰਨ ਤੋਂ ਪੂਰਾ ਭੈਅ ਮੰਨ ਰਹੇ ਸਨ) ਪਰ ਉਹਨਾਂ ਦੀਆਂ ਤਿਆਰੀਆਂ ਜ਼ਿਆਦਾ-ਤਰ ਮੌੜਵੀਆਂ ਖਾੜਕੂ ਹਥਿਆਰਬੰਦ ਕਾਰਵਾਈਆਂ ਨੂੰ ਠੱਲ੍ਹ ਪਾਉਣ ਦੇ ਮਕਸਦ ਵੱਲ ਹੀ ਸੇਧਤ ਸਨ। ਵੱਡਾ ਜਨਤਕ ਵਿਰੋਧ ਉਹਨਾਂ ਦੀ ਕਿਸੇ ਗਿਣਤੀ-ਮਿਣਤੀ ਵਿਚ ਨਹੀਂ ਸੀ।

ਪਰ ਇਥੇ ਫਿਰ ਸਿਰਫਿਰੇ ਹਾਕਮ ਇਕ ਵੱਡੀ ਖਤਾ ਖਾ ਰਹੇ ਸਨ। ਉਹ ਇਹ ਗੱਲ ਭੂਲ ਰਹੇ ਸਨ ਕਿ ਜੇਕਰ ਸਾਕਾ "ਕਾਲੀ ਗਰਜ" ਮੌਕੇ ਉਹਨਾਂ ਨੂੰ ਲੋਕਾਂ ਦੇ ਕਿਸੇ ਵਿਆਪਕ ਵਿਰੋਧ ਦਾ ਸਾਹਮਣਾ ਨਹੀਂ ਕਰਨਾ ਪਿਆ ਤਾਂ ਇਸਦੀ ਵਜ੍ਹਾ ਇਹ ਨਹੀਂ ਕਿ ਪੰਜਾਬ ਦੇ ਲੋਕਾਂ ਦੀ ਗੈਰਤ ਤੇ ਉਹਨਾਂ ਦਾ ਜੁਝਾਰੂ ਕਣ ਹੀ ਮਰ ਚੁੱਕਾ ਹੈ। ਨਾਂ ਹੀ ਇਸ ਦਾ ਅਰਥ ਇਹ ਸੀ ਕਿ ਪੰਜਾਬ ਦੇ ਲੋਕ ਭਾਰਤ ਦੇ ਹਾਕਮਾਂ ਦੀ ਫਿਰਕੂ ਹਨੇਰਗਰਦੀ ਉਤੇ ਪ੍ਰਵਾਨਗੀ ਦੀ ਮੋਹਰ ਲਾ ਰਹੇ ਸਨ। ਸਾਕਾ "ਕਾਲੀ ਗਰਜ" ਮੌਕੇ ਪੰਜਾਬ ਦੇ ਲੋਕਾਂ ਵਲੋਂ ਧਾਰੀ ਨਿੱਸਲ ਚੁੱਪ ਦੀ ਅਸਲੀ ਵਜ੍ਹਾ ਸਿੱਖ ਖਾੜਕੂਆਂ ਦੁਆਰਾ ਆਪਣੀਆਂ ਘਟੀਆ ਕਾਰਵਾਈਆਂ ਸਦਕਾ ਲੋਕਾਂ 'ਚ ਖੱਟੀ ਬਦਨਾਮੀ ਤੇ ਵਿਰੋਧਤਾ ਸੀ। ਜੋ ਕੁਝ ਜਾਅਲੀ ਖਾੜਕੂ ਸਾਕਾ "ਕਾਲੀ ਗਰਜ" ਤੋਂ ਪਹਿਲਾਂ ਦਰਬਾਰ ਸਾਹਿਬ ਅੰਦਰ ਤੇ ਬਾਹਰ ਕਰਦੇ ਰਹੇ ਅਤੇ ਜਿਹੜਾ ਕਿ ਅਜੇ ਵੀ ਕਿਸੇ ਨਾ ਕਿਸੇ ਰੂਪ 'ਚ ਜਾਰੀ ਹੈ,(ਜਿਸ ਬਾਰੇ ਅਸੀਂ ਜੂਨ 1988 ਦੇ ਪਰਚੇ 'ਚ ਵਿਸਥਾਰ-ਪੂਰਵਕ ਲਿਖ ਚੁੱਕੇ ਹਾਂ)। ਉਸਨੂੰ ਕੋਈ ਵੀ ਸੱਚਾ ਪੰਜਾਬੀ (ਉਹ ਹਿੰਦੂ ਹੋਵੇ ਜਾਂ ਸਿੱਖ) ਨਾ ਤਾਂ ਪਸੰਦ ਕਰੇਗਾ ਤੇ ਨਾਂ ਹੀ ਅੰਤਮ ਤੌਰ 'ਤੇ ਸਹਿਣ ਕਰੇਗਾ। –ਪਰ ਸਤਵੰਤ ਸਿੰਘ ਹੁਰਾਂ ਦਾ ਮਾਮਲਾ ਬਿਲਕੁਲ ਵੱਖਰਾ ਹੈ। ਪੰਜਾਬ ਦੇ ਲੋਕਾਂ, ਖਾਸ ਕਰਕੇ ਸਿੱਖ ਭਾਈਚਾਰੇ ਦੀਆਂ ਨਜ਼ਰਾਂ 'ਚ ਉਹ ਮਹਾਂਬਲੀ ਯੋਧੇ ਹਨ, ਕਿਉਂਕਿ ਉਹਨਾਂ ਨੇ ਦਰਬਾਰ ਸਾਹਿਬ ਉਤੇ ਕੀਤੇ ਹਮਲੇ ਦਾ ਬਦਲਾ ਲੈਣ ਲਈ ਅਨਭੋਲ ਹਿੰਦੂ ਭੀੜਾਂ ਉਤੇ ਘੋੜਾ ਵਰ੍ਹਾਉਣ ਦਾ ਮਨੁੱਖਤਾ ਤੋਂ ਗਿਰਿਆ ਤੇ ਬੁਜ਼ਦਿਲੀ ਭਰਿਆ ਰਾਹ ਅਖਤਿਆਰ ਨਹੀਂ ਕੀਤਾ, ਅਤੇ ਨਾ ਉਹਨਾਂ ਨੇ ਸਸਤੀ ਸ਼ੁਹਰਤ ਖੱਟਣ ਜਾਂ ਆਪਣੀਆਂ "ਜਰਨੈਲੀਆਂ" "ਕਰਨੈਲੀਆਂ" ਚਮਕਾਉਣ ਲਈ ਨਹੱਕੇ ਨਿਸ਼ਾਨਿਆਂ 'ਤੇ ਚਾਂਦਮਾਰੀ ਕਰਨ ਦਾ ਕੋਈ ਸ਼ੌਂਕ ਹੀ ਪੂਰਾ ਕੀਤਾ ਸੀ। ਉਹਨਾਂ ਨੇ ਤਾਂ ਹੰਕਾਰੇ ਹੋਏ ਹਾਕਮਾਂ ਦੇ ਐਨ ਘੁਰਨੇ 'ਚ ਜਾ ਕੇ ਉਹਨਾਂ ਦੀ ਪੂਛ ਨੂੰ ਮਰੋੜਾ ਦੇਣ ਦਾ ਸੂਰਮਗਤੀ ਭਰਿਆ ਕਾਰਨਾਮਾ ਕੀਤਾ ਸੀ। ਇਸ ਕਰਕੇ ਆਮ ਲੋਕਾਂ ਨੂੰ ਗੋਲੀਆਂ ਨਾਲ ਭੁੰਨਕੇ ਆਪਣਾ ਵਹਿਸ਼ੀ ਸ਼ੌਕ ਪੂਰਾ ਕਰਨ ਵਾਲੇ ਜਾਅਲੀ 'ਸੂਰਮਿਆਂ' ਦੇ ਉਲਟ, ਪੰਜਾਬੀ ਲੋਕਾਂ ਦੇ ਮਨ ਆਪਣੇ ਇਹਨਾਂ ਸੱਚੇ ਸੂਰਮਿਆਂ ਪ੍ਰਤੀ ਆਦਰ ਤੇ ਸਰਧਾ ਨਾਲ ਭਰੇ ਹੋਏ ਹਨ। ਭਾਈ ਬੇਅੰਤ ਸਿੰਘ, ਸਤਵੰਤ ਸਿੰਘ ਤੇ ਕਿਹਰ ਸਿੰਘ ਹੁਰਾਂ ਪ੍ਰਤੀ ਲੋਕਾਂ ਦੇ ਮਨਾਂ ਅੰਦਰ ਵਸੇ ਇਸ ਬੇਥਾਹ ਆਦਰ-ਪਿਆਰ ਤੇ ਸ਼ਰਧਾ ਭਾਵ ਦਾ ਹੀ ਕ੍ਰਿਸ਼ਮਾ ਸੀ ਕਿ ਕੁਝ ਪੰਜਾਬ-ਹਿਤੈਸ਼ੀ ਤਾਕਤਾਂ ਤੇ ਸਿੱਖ ਖਾੜਕੂ ਜਥੇ-ਬੰਦੀਆਂ ਵਲੋਂ ਫਾਂਸੀ ਦੀ ਸਜ਼ਾ ਵਿਰੁੱਧ ਦਿਤੇ ਗਏ ਰੋਸ ਲਹਿਰ ਦੇ ਸੱਦੇ ਨੂੰ ਪੰਜਾਬੀ ਲੋਕਾਂ ਵਲੋਂ ਅਥਾਹ ਹੁੰਗਾਰਾ ਮਿਲਿਆ। ਦੋ ਦਸੰਬਰ ਨੂੰ ਫਾਂਸੀ ਦੇਣ ਦੇ ਐਲਾਨ ਉਪਰੰਤ ਥਾਂ ਥਾਂ ਹੋਏ ਆਪ ਮੁਹਾਰੇ ਪ੍ਰਤੀਕਰਮ ਨੇ ਹਾਕਮਾਂ ਨੂੰ ਇਹ ਪ੍ਰਤੱਖ ਦਿਖਾ ਦਿਤਾ ਹੈ ਕਿ ਭਾਈ ਸਤਵੰਤ ਸਿੰਘ ਤੇ ਕਿਹਰ ਸਿੰਘ ਦੀਆਂ ਸ਼ਹਾਦਤਾਂ ਨੂੰ ਲੋਕ ਚੁੱਪ-ਚਪੀਤਿਆਂ ਹੀ ਨਹੀਂ ਜਰਨ ਲੱਗੇ, ਅਤੇ ਪੰਜਾਬੀ ਲੋਕਾਂ ਦੇ ਨਿੱਸਲ ਹੋ ਜਾਣ ਦਾ ਭਰਮ ਪਾਲ ਰਹੇ ਭਾਰਤ ਦੇ ਵਹਿਸ਼ੀ ਹਾਕਮਾਂ ਨੂੰ ਆਪਣੀ ਇਸ ਫਿਰਕੂ ਕਰਤੂਤ ਬਦਲੇ ਤਿੱਖੇ ਜਨਤਕ ਵਿਰੋਧ ਦੇ ਜਲਵੇ ਵੇਖਣ ਨੂੰ ਮਿਲਣਗੇ।

ਇਸਦਾ ਅਰਥ ਇਹ ਨਹੀਂ ਕਿ ਲੋਕ-ਵਿਰੋਧ ਦੇ ਡਰੋਂ ਹਾਕਮ ਆਪਣਾ ਮੂਲ-ਪੈਂਤੜਾ ਤੇ ਫੈਸਲਾ ਹੀ ਬਦਲ ਲੈਣਗੇ। ਨਹੀਂ, ਹਾਕਮਾਂ ਦੀ ਵਹਿਸ਼ੀ ਫਿਤਰਤ ਇਸ ਤਰਾਂ ਨਹੀਂ ਬਦਲਿਆ ਕਰਦੀ। ਦੁਨੀਆ ਦੇ ਇਤਿਹਾਸ ਅੰਦਰ ਅਜਿਹੀਆਂ ਬਥੇਰੀਆਂ ਉਦਾਹਰਣਾਂ ਮਿਲਦੀਆਂ ਹਨ ਜਦ ਲੋਕ-ਦੁਸ਼ਮਣ ਰਾਜ-ਸ਼ਕਤੀਆਂ ਨੇ ਫਨਾਹ ਹੋਣਾ ਤਾਂ ਕਬੂਲ ਕਰ ਲਿਆ ਪਰ ਉਹਨਾਂ ਨੇ ਜ਼ੁਲਮ ਕਮਾਉਣ ਦੀ ਆਪਣੀ ਮੂਲ ਪ੍ਰਵਿਰਤੀ ਨਹੀਂ ਤਿਆਗੀ। ਮੀਰ ਮੰਨੂੰ ਤੋਂ ਲੈ ਕੇ ਰੂਸੀ ਜ਼ਾਰਾਂ, ਹਿਟਲਰਾਂ, ਚਿਆਂਗ ਕਾਈ ਸ਼ੇਕਾਂ......ਸਭਨਾਂ ਦੀ ਕਹਾਣੀ ਇਕ ਹੈ। ਭਾਰਤ ਦੇ ਵਹਿਸ਼ੀ ਹਾਕਮ ਵੀ ਆਪਣੀ ਮੂਲ ਫਿਤਰਤ ਮੁਤਾਬਕ ਇਸੇ ਰਾਹ 'ਤੇ ਅਗੇ ਵਧ ਰਹੇ ਹਨ ਅਤੇ ਆਪਣੇ ਖਾਤਮੇ ਤਕ ਉਹ ਇਸ ਰਾਹ ਤੋਂ ਮੋੜਾ ਨਹੀਂ ਕੱਟਣਗੇ। ਹਾਂ, ਹਾਲਤਾਂ ਮੁਤਾਬਕ ਉਹ ਆਪਣੇ ਦਾਅ ਪੇਚ

ਜਰੂਰ ਬਦਲਦੇ ਰਹਿ ਗੇ । ਉਹ ਭਾਈ ਸਤਵੰਤ ਸਿੰਘ ਹੁਰਾਂ ਨੂੰ ਫਾਂਸੀ ਦੇਣ ਤੋਂ ਬਾਜ ਨਹੀਂ ਆਉਣਗੇ, ਪਰ ਦੋ ਦਸੰਬਰ ਦੇ ਪ੍ਰਤੀਕਰਮ ਨੂੰ ਧਿਆਨ 'ਚ ਰਖਦੇ ਹੋਏ ਆਪਣੇ ਇੰਤਜ਼ਾਮਾਂ ਵਿਚ ਹੋਰ ਵਧ ਪੱਕਿਆਈ ਜਰੂਰ ਲਿਆਉਣਗੇ । ਦੋ ਦਸੰਬਰ ਨੂੰ ਜਿਵੇਂ ਉਹਨਾਂ ਨੇ ਅਚਾਨਕ ਤਿੰਨ ਦਿਨਾਂ ਲਈ ਸਕੂਲ, ਕਾਲਜ ਤੇ ਯੂਨੀਵਰਸਿਟੀਆਂ ਬੰਦ ਕਰਨ ਦਾ ਐਲਾਨ ਕਰ ਮਾਰਿਆ ਸੀ ਅਤੇ ਪੈਰ ਪੈਰ 'ਤੇ ਪੁਲਸੀ ਧਾੜਾਂ ਤਾਇਨਾਤ ਕਰ ਦਿਤੀਆਂ ਸਨ, ਇਸ ਤੋਂ ਇਹੀ ਸੰਕੇਤ ਮਿਲਦਾ ਹੈ ਕਿ ਉਹਨਾਂ ਤਿੰਨ ਰੋਜ਼ਾ "ਪੰਜਾਬ ਐਕਸ਼ਨ" ਨੂੰ ਫੇਲ ਕਰਨ ਦੀਆਂ ਪਹਿਲੋਂ ਹੀ ਪੱਕੀਆਂ ਵਿਉਂਤਾਂ ਬਣਾ ਰੱਖੀਆਂ ਹੋਈਆਂ ਸਨ । ਇਸ ਵਾਰੀ ਉਹ ਇਸ ਕਾਰਵਾਈ ਨੂੰ ਹੋਰ ਵੀ ਵਿਆਪਕ ਪੈਮਾਨੇ 'ਤੇ ਦੁਹਰਾਉਣਗੇ । ਇਸ ਕਰਕੇ ਦੁਸ਼ਮਣਾਂ ਦੇ ਇਹਨਾਂ ਨੀਤੀ-ਪੈਂਤੜਿਆਂ ਤੇ ਚਾਲਾਂ ਨੂੰ ਧਿਆਨ 'ਚ ਰਖਦੇ ਹੋਏ ਸੰਘਰਸ਼ਸ਼ੀਲ ਤਾਕਤਾਂ ਨੂੰ ਵੀ ਆਪਣੀਆਂ ਤਿਆਰੀਆਂ ਵਿਚ ਹੋਰ ਵਧ ਨਿਪੁੰਨਤਾ ਲਿਆਉਣੀ ਪੈਣੀ ਹੈ । ਦੁਸ਼ਮਣ ਦੀ ਹਰ ਪੈਂਤੜਾ ਚਾਲ ਉਤੇ ਨੇੜਿਓਂ ਤਾਕ ਰਖਦੇ ਹੋਏ ਰੋਹ-ਪ੍ਰਗਟਾਵੇ ਦੇ ਨਵੇਂ ਢੰਗ ਤੇ ਸ਼ਕਲਾਂ ਈਜ਼ਾਦ ਕਰਨ ਵਲ ਡੂੰਘਾ ਧਿਆਨ ਦੇਣ ਦੀ ਜ਼ਰੂਰਤ ਹੈ । ਦੁਸ਼ਮਣ ਦੀ ਚੌਕਸੀ ਤੇ ਤਿਆਰੀਆਂ ਨੂੰ ਮੱਦੇ ਨਜਰ ਰਖਦਿਆਂ ਵੁਰਤੀਲੇ ਜ਼ਨਤਕ ਐਕਸ਼ਨਾਂ ਦਾ ਅਸਰਦਾਰ ਗੁਰੀਲਾ ਖਾੜਕੂ ਕਾਰਵਾਈਆਂ ਨਾਲ ਸੁਮੇਲ ਬਿਠਾਉਣ ਲਈ ਹੁਣੇਂ ਤੋਂ ਤਿਆਰੀਆਂ ਅਰੰਭ ਦੇਣੀਆਂ ਚਾਹੀਦੀਆਂ ਹਨ । ਦੁਸ਼ਮਣ ਵਲੋਂ ਸਕੂਲ ਕਾਲਜ ਬੰਦ ਕਰ ਦਿਤੇ ਜਾਣ ਦੀ ਸੂਰਤ ਵਿਚ ਬਦਲਵੇਂ ਪ੍ਰਬੰਧਾਂ ਬਾਰੇ ਹੁਣੇ ਤੋਂ ਸੋਚਣਾ ਸ਼ੁਰੂ ਕਰ ਦੇਣਾ ਚਾਹੀਦਾ ਹੈ । ਸਮੁੱਚੀਆਂ ਪੰਜਾਬ-ਹਿਤੈਸ਼ੀ ਤਾਕਤਾਂ ਨੂੰ ਇਹ ਚਾਹੀਦਾ ਹੈ ਕਿ ਉਹ ਫਾਂਸੀ ਦੇ ਮਾਮਲੇ 'ਚ ਕਿਸੇ ਵੀ ਕਿਸਮ ਦੀ ਖਾਮਖਿਆਲੀ ਤੇ ਅਵੇਸਲੇ-ਪਣ ਨੂੰ ਨੇੜੇ ਨਾ ਫਟਕਣ ਦੇਣ ਅਤੇ ਮੁਕੱਦਮੇ ਦੀ ਕਾਰਵਾਈ ਉਤੇ ਗਹਿਰੀ ਨਜਰ ਰਖਦੇ ਹੋਏ ਆਪਣੀਆਂ ਤਿਆਰੀਆਂ ਵਿਚ ਲਗਾਤਾਰ ਮਜਬੂਤੀ ਤੇ ਕਸ਼ਾਅ ਬਣਾਈ ਰੱਖਣ ।

22 ਦਸੰਬਰ, 1988

---

(ਬਾਕੀ ਸਫਾ 5 ਦੀ)

ਨਿਆਂ ਪਾਲਿਕਾ "ਨਿਰਪੱਖ" ਤੇ "ਸੁਤੰਤਰ" ਹੈ ਅਤੇ ਭਾਰਤ ਅੰਦਰ ਧਾਰਮਿਕ ਘੱਟ ਗਿਣਤੀਆਂ ਦੀ "ਕਿਸਮਤ ਪੂਰੀ ਤਰ੍ਹਾਂ ਸੁਰੱਖਿਅਤ ਹੈ", ਉਹਨਾਂ ਦੇ ਈਮਾਨ 'ਤੇ ਸ਼ੱਕ ਕੀਤਾ ਜਾਣਾ ਵਾਜਬ ਹੈ । ਅਸੀਂ ਆਪਣੇ ਪਿਛਲੇ ਅੰਕਾਂ ਵਿਚ ਭਾਰਤੀ ਹਾਕਮਾਂ ਦੇ ਦੰਭੀ ਇਨਸਾਫ ਤੇ ਲੋਕਾਂ ਦੇ ਸੱਚੇ ਇਨਸਾਫ ਵਿਚਕਾਰ ਸ਼ਪਸ਼ਟ ਨਖੇੜਾ ਦਰਸਾ ਚੁੱਕੇ ਹਾਂ । ਅਸੀਂ ਅਜ ਵੀ ਇਹ ਗੱਲ ਠੋਕ ਵਜਾ ਕੇ ਕਹਿੰਦੇ ਹਾ ਕਿ ਲੋਕ ਇਨਸਾਫ ਦੀਆਂ ਨਜ਼ਰਾਂ 'ਚ ਭਾਈ ਸਤਵੰਤ ਸਿੰਘ ਤੇ ਭਾਈ ਕਿਹਰ ਸਿੰਘ ਨੇ ਉੱਕਾ ਹੀ ਕੋਈ ਗੁਨਾਹ ਨਹੀਂ ਕੀਤਾ, ਸਗੋਂ ਇਕ ਹੰਕਾਰੀ ਹੋਈ ਡਾਇਣ ਦਾ ਖਾਤਮਾ ਕਰਕੇ ਲੋਕ-ਨਾਮਣਾ ਖੱਟਿਆ ਹੈ । ਇਸ ਕਰਕੇ ਲੋਕ ਇਨਸਾਫ ਦੀ ਮੰਗ ਇਹ ਹੈ ਕਿ ਉਹਨਾਂ ਨੂੰ ਫੌਰਨ ਬਿਨਾਂ ਸ਼ਰਤ ਰਿਹਾ ਕੀਤਾ ਜਾਵੇ । ਮੁਜ਼ਰਿਮਾਂ (ਭਾਰਤ ਦੇ ਹਾਕਮਾਂ) ਕੋਲੋਂ ਰਹਿਮਦਿਲੀ ਜਾਂ ਇਨਸਾਫ ਦੀ ਭੀਖ ਮੰਗਣੀ ਲੋਕ ਇਨਸਾਫ ਦੀ ਤੌਹੀਨ ਹੈ । ਇਹ ਭਾਈ ਬੇਅੰਤ ਸਿੰਘ ਤੇ ਸਤਵੰਤ ਸਿੰਘ ਹੁਰਾਂ ਦੀ ਮਹਾਨ ਕੁਰਬਾਨੀ ਦੀ ਘਿਨਾਉਣੀ ਹੱਤਕ ਹੈ । ਇਸੇ ਕਰਕੇ ਹਰ ਸੱਚਾ ਪੰਜਾਬੀ ਦੇਸ਼ ਭਗਤ ਜਿਥੇ ਭਾਰਤ ਦੇ ਜ਼ਾਲਮ ਹਾਕਮਾਂ ਦੇ ਭਾਈ ਸਤਵੰਤ ਸਿੰਘ ਹੁਰਾਂ ਨੂੰ ਫਾਂਸੀ 'ਤੇ ਲਟਕਾਉਣ ਦੇ ਵਹਿਸ਼ੀ ਮਨਸੂਬਿਆਂ ਦਾ ਡਟਵਾਂ ਵਿਰੋਧ ਕਰਦਾ ਹੈ । ਉਥੇ ਅਕਾਲੀ ਆਗੂਆਂ ਤੇ ਉਹਨਾਂ ਵਰਗੇ ਹੋਰ ਲਾਣੇ ਵਲੋਂ ਭਾਰਤ ਦੇ ਹਾਕਮਾਂ ਮੂਹਰੇ ਕੀਤੀ ਜਾ ਰਹੀ ਜਲਾਲਤ ਭਰੀ ਡੰਡੌਤ ਬੰਦਨਾਂ ਉਤੇ ਪੂਰੀ ਨਫਰਤ ਨਾਲ ਥੁਕਦਾ ਹੈ । ਨਾਲ ਹੀ, ਸਿਆਸੀ ਤੌਰ 'ਤੇ ਜਾਗਰੂਕ ਹੋਏ ਲੋਕਾਂ ਨੇ ਇਹ ਸੱਚ ਵੀ ਜਾਣ ਲਿਆ ਹੋਇਆ ਹੈ ਕਿ ਭਾਰਤ ਦੇ ਮੌਜੂਦਾ ਹਿੰਦੂ ਹੰਕਾਰਵਾਦੀ ਰਾਜ ਅੰਦਰ ਕਿਸੇ ਵੀ ਧਾਰਮਿਕ ਘੱਟ ਗਿਣਤੀ ਦੀ ਕਿਸਮਤ ਉਨਾ ਚਿਰ ਪੂਰੀ ਤਰ੍ਹਾਂ ਮਹਿਫੂਜ਼ ਨਹੀਂ ਹੋ ਸਕਦੀ ਜਿੰਨਾ ਚਿਰ ਇਸ ਲੋਕ-ਦੋਖੀ ਜਾਬਰ ਰਾਜ-ਪ੍ਰਬੰਧ ਦੇ ਸਾਰੇ ਕੋਟ-ਕਿੰਗਰੇ ਢਾਹ ਕੇ ਫਨਾਹ ਨਹੀਂ ਕਰ ਦਿੱਤੇ ਜਾਂਦੇ । ਇਸੇ ਸੋਚ ਤੇ ਸੇਧ ਨੂੰ ਅਪਣਾਏ ਪੰਜਾਬ ਦੇ ਲੋਕ ਨਾ ਤਾਂ ਵਹਿਸ਼ੀ ਹਾਕਮਾਂ ਦੇ ਡਰਾਵੇ 'ਚ ਆਉਣਗੇ ਤੇ ਨਾ ਹੀ ਕਿਸੇ ਜੇਠਮਲਾਨੀ ਦੇ ਛਲਾਵੇ 'ਚ ਆਉਣਗੇ । ਉਹ ਆਪਣਾ ਜ਼ਿੰਦਗੀ ਮੌਤ ਦਾ ਘੋਲ ਓਨੀ ਦੇਰ ਤੱਕ ਜਾਰੀ ਰੱਖਣਗੇ ਜਿੰਨਾ ਚਿਰ ਜ਼ਿੰਦਗੀ ਦੀ "ਮੌਤ" ਉਤੇ ਮੁਕੰਮਲ ਫਤਹਿ ਨਹੀਂ ਹੋ ਜਾਂਦੀ । ਇਸ ਲੜਾਈ ਅੰਦਰ ਜੇਕਰ ਪੰਜਾਬ ਦੇ ਜੁਝਾਰ ਲੋਕਾਂ ਨੂੰ ਭਾਈ ਸਤਵੰਤ ਸਿੰਘ ਤੇ ਕਿਹਰ ਸਿੰਘ ਵਰਗੇ ਆਪਣੇ ਅਨਮੋਲ ਹੀਰੇ ਵੀ ਕੁਰਬਾਨ ਕਰਨੇ ਪੈ ਜਾਣ ਤਾਂ ਉਹ ਜਲਾਲਤ ਦੇ ਬਦਲੇ ਉਹਨਾਂ ਦੇ ਜੀਵਨ ਦੀ ਭੀਖ ਮੰਗਣ ਨਾਲੋਂ ਅਜ਼ਾਦੀ ਦੀ ਸ਼ਮਾ ਨੂੰ ਰੁਸ਼ਨਾਉਣ ਲਈ ਉਹਨਾਂ ਦੀਆਂ ਸ਼ਹਾਦਤ ਨੂੰ ਤਰਜੀਹ ਦੇਣਗੇ ।

24 ਦਸੰਬਰ, 1988 ○

## ਰੋਡੇ ਪੱਖੀ ਫੈਡਰੇਸ਼ਨ ਆਗੂਆਂ ਦੀ ਚਿੱਠੀ

ਪਿਆਰੇ ਵੀਰ ਮਾਲਵਿੰਦਰ

ਗੁਰੂ ਫਤਿਹ ਪ੍ਰਵਾਨ ਕਰਨੀ

ਗੁਰੂ ਦੀ ਕ੍ਰਿਪਾ ਸਦਕਾ ਸਿੰਘ ਚੜਦੀ ਕਲਾ ਵਿਚ ਹਨ ਉਮੀਦ ਹੈ ਤੁਸੀਂ ਵੀ ਠੀਕ ਠਾਕ ਹੋਵੋਗੇ । ਭਾਈ ਸਾਹਿਬ ਕਿਸੇ ਉਚੀ ਸੁੱਚੀ ਸਖਸ਼ੀਅਤ (ਭਾਈ ਸਾਹਿਬ ਜਸਬੀਰ ਸਿੰਘ ਰੋਡੇ) ਬਾਰੇ ਬਿਨਾਂ ਕਿਸ ਪੜਤਾਲ ਦੋਸ਼ ਲਾਉਣ ਫੱਬਦੇ ਨਹੀਂ। ਤੁਸੀਂ ਚਮਨ ਲਾਲ ਦੀਆਂ ਚਿੱਠੀਆਂ ਅਤੇ ਦਿਤੇ ਬਿਆਨਾਂ ਬਾਰੇ ਅਖਬਾਰਾਂ ਪੜ੍ਹ ਕੇ ਹੀ ਆਪਣੇ ਜੇਨਤਕ ਪੈਗਾਮ ਵਿਚ ਛਾਪ ਛਡਦੇ ਹੋ। ਕਾਸ਼ ਤੁਹਾਨੂੰ ਪਤਾ ਹੁੰਦਾ ਕਿ ਚਮਨ ਲਾਲ ਨੇ ਸਿਰਫ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰ ਮਨਜੀਤ ਸਿੰਘ ਕਲਕੱਤਾ ਅਤੇ ਉਸਦੇ ਚਹੇਤੇ ਬੂਟਾ ਸਿੰਘ ਦੇ ਕਹਿਣ ਉਪਰ ਹੀ ਇਹ ਬਿਆਨ ਦਾਗ ਦਿਤਾ ਕਿ ਭਾਈ ਜਸਬੀਰ ਸਿੰਘ ਰੋਡੇ ਕੇਂਦਰ ਨਾਲ ਮਿਲਿਆ ਹੋਇਆ ਹੈ ਕਿਉਂਕਿ ਕੇਂਦਰ ਸਰਕਾਰ ਨੇ ਉਸਨੂੰ ਦਰਬਾਰ ਸਾਹਿਬ ਜਾਣੋਂ ਰੋਕਿਆ ਨਹੀਂ। ਜੇਕਰ ਚਮਨ ਲਾਲ ਨੇ ਆਪਣਾ ਜ਼ੋਰ ਦਿਖਾਉਣਾ ਸੀ ਤਾਂ ਭਾਈ ਜਸਬੀਰ ਸਿੰਘ ਨੂੰ ਗ੍ਰਿਫਤਾਰ ਕਰਕੇ ਦਿਖਾ ਦੇਂਦਾ। ਭਾਈ ਸਾਹਿਬ ਦੇ ਦਰਬਾਰ ਸਾਹਿਬ ਜਾਣ ਦੇ ਬਾਅਦ ਅਸਤੀਫਾ ਦੇ ਕੇ ਜ਼ੋਰ ਦਿਖਾਉਣ ਦਾ ਕੀ ਫਾਇਦਾ। ਜਦੋਂ ਜਥੇ ਨੂੰ ਹਰੀਕੇ ਪੱਤਣ ਰੋਕਿਆ ਗਿਆ ਤਾਂ ਦਾਸ ਖੁਦ ਜਥੇ ਵਿੱਚ ਸ਼ਾਮਲ ਸੀ। ਪੱਟੀ ਦੇ ਰਹਿਣ ਵਾਲੇ ਇਕ ਪ੍ਰੈਸ ਰਿਪੋਰਟਰ (ਜਸਬੀਰ ਸਿੰਘ ਕਾਮਰੇਡ) ਨੇ ਦਾਸ ਨੂੰ ਦਸਿਆ ਕਿ ਚਮਨ ਲਾਲ ਨੇ ਖੁਦ ਅੰਮ੍ਰਿਤਸਰ ਦੇ ਡੀ. ਸੀ. ਸਰਬਜੀਤ ਸਿੰਘ, ਤਰਨਤਾਰਨ ਦੇ ਐਸ. ਐਸ. ਪੀ. ਸੁਰੇਸ਼ ਗੁਪਤਾ ਅਤੇ ਜੀਰਾ ਦੇ ਐਸ. ਡੀ. ਐਮ. ਨੂੰ ਕਿਹਾ ਕਿ ਜੱਥੇ ਨੂੰ ਅੱਗੇ ਜਾਣ ਦਿਤਾ ਜਾਣਾ ਚਾਹੀਦਾ ਹੈ। ਜੇਕਰ ਜਥੇ ਨੂੰ ਰੋਕਿਆ ਗਿਆ ਤਾਂ ਲੋਕਾਂ ਦਾ ਰੁੱਖ ਭਾਈ ਸਾਹਿਬ ਵਲ ਹੋ ਜਾਵੇਗਾ। ਬਾਕੀ ਸਰਕਾਰ ਕਿਸੇ ਵੀ ਜਥੇ ਨੂੰ, ਜਿਸ ਕੋਲ ਹਥਿਆਰ ਨਾ ਹੋਣ, ਕਿਸ ਅਧਾਰ 'ਤੇ ਦਰਬਾਰ ਸਾਹਿਬ ਜਾਣੋਂ ਰੋਕ ਸਕਦੀ ਹੈ। ਜੇਕਰ ਦਫਾ 144 ਲੱਗੀ ਹੋਈ ਸੀ ਤਾਂ ਦਮਦਮੀ ਟਕਸਾਲ ਦੇ ਉਸ ਜਥੇ ਨੂੰ ਕਿਉਂ ਨਹੀਂ ਰੋਕਿਆ ਗਿਆ ਜਿਸ ਵਿਚ ਦਮਦਮੀ ਟਕਸਾਲ ਦੇ ਐਕਟਿੰਗ ਮੁਖੀ ਬਾਬਾ ਠਾਕੁਰ ਸਿੰਘ ਅਤੇ ਟਕਸਾਲ ਦਾ ਇਕ ਸਿੰਘ ਲੱਖਾ ਸਿੰਘ ਸ਼ਾਮਲ ਸੀ। ਬਾਬਾ ਜੋਗਿੰਦਰ ਸਿੰਘ ਨੂੰ ਮਿਲਕੇ ਰੋਡੇ ਪਿੰਡ ਤੋਂ ਵਾਪਸ ਆ ਰਿਹਾ ਸੀ। ਜਾਂ ਫੇਰ ਇਹ ਦੱਸਣ ਕਿ ਕਾਰ ਸੇਵਾ ਦੇ ਉਨਾਂ 8 ਟਰੱਕਾਂ ਨੂੰ ਕਿਉਂ ਨਹੀਂ ਰੋਕਿਆ ਗਿਆ ਜੋ ਕਾਰ ਸੇਵਾ ਵਾਲੇ ਲੋਕ ਲਿਜਾ ਰਹੇ ਸਨ। ਕੀ ਦਫਾ 144 ਉਹਨਾਂ ਉਪਰ ਲਾਗੂ ਨਹੀਂ ਹੁੰਦੀ। ਦਾਸ ਦੀ ਸਮਝ ਅਤੇ ਹਿੰਦੁਸਤਾਨ ਦੇ ਸੰਵਿਧਾਨ ਅਨੁਸਾਰ ਦਫਾ144 ਪੰਜ ਤੋਂ ਉਪਰ ਦੇ ਇਕੱਠ ਉਪਰ ਲਾਗੂ ਹੁੰਦੀ ਹੈ ਚਾਹੇ ਉਹ ਕਿਸੇ ਵੀ ਕਿਸਮ ਦਾ ਕਿਉਂ ਨਾ ਹੋਵੇ।

ਚਮਨ ਲਾਲ ਦੇ ਬਿਆਨ ਸਿਰਫ ਅਖਬਾਰਾਂ ਤਕ ਸੀਮਤ ਹੀ ਹੁੰਦੇ ਹਨ ਅਤੇ ਅਖਬਾਰ, ਰੇਡੀਓ, ਟੈਲੀਵੀਯਨ ਸਾਰੇ ਹੀ ਸਰਕਾਰੀ ਮੀਡੀਏ ਹਨ। ਜੇ ਤੁਸੀਂ ਇਸ ਗੱਲ ਨੂੰ ਮੰਨਦੇ ਹੋ ਕਿ ਸਾਰੀ ਪ੍ਰੈਸ ਸਰਕਾਰੀ ਹੈ ਤਾਂ ਫਿਰ ਇਸ ਉਪਰ ਕਿਉਂ ਯਕੀਨ ਕਰਦੇ ਹੋ ? ਕੀ ਤੁਹਾਡੀ ਆਪਣੀ ਕੋਈ ਸੋਚ ਨਹੀਂ ? ਕੀ ਤੁਸਾਂ ਕਦੇ ਭਾਈ ਜਸਬੀਰ ਸਿੰਘ ਦੇ ਨਜ਼ਦੀਕ ਜਾ ਕੇ ਉਨਾਂ ਬਾਰੇ ਪਤਾ ਕਰਨ ਦੀ ਕੋਸ਼ਿਸ਼ ਕੀਤੀ ਹੈ ? ਕਦੇ ਸੋਚਿਆ ਹੈ ਕਿ ਭਾਈ ਜਸਬੀਰ ਸਿੰਘ ਅਤੇ ਦੂਸਰੇ ਸਿੰਘ ਸਾਹਿਬਾਨ ਉਹੀ ਸਖਸ਼ੀਅਤਾਂ ਹਨ ਜੋ 10-10 ਕਿਲੋਮੀਟਰ ਪੈਦਲ ਤੁਰਕੇ ਖਾੜਕੂਆਂ ਨੂੰ [redacted] ਰਹੇ ਹਨ ? ਖਾੜਕੂਆਂ ਦਾ ਏਕਤਾ ਵਲ ਧਿਆਨ ਦਿਵਾਉਣ ਵਾਸਤੇ ਟਿੱਬਿਆਂ ਦਾ ਰੇਤਾ ਫੱਕਦੇ ਰਹੇ। ਕਾਰ ਸੇਵਾ ਵਾਲਿਆਂ ਦੀਆਂ ਵਰਦੀਆਂ ਪਾਕੇ ਅੱਧੀ ਅੱਧੀ ਰਾਤ ਖਾੜਕੂਆਂ ਨੂੰ ਮਿਲਦੇ ਰਹੇ। ਇਸ ਗੱਲ ਦੇ ਗਵਾਹ ਉਹ ਖਾੜਕੂ ਹਨ ਜੋ ਸਿੰਘ ਸਾਹਿਬ ਨੂੰ ਅੱਜ ਸਰਕਾਰੀ ਦਸਦੇ ਹਨ।

ਬਾਬਾ ਮਾਨੋਚਾਹਲ, ਦਲਜੀਤ ਸਿੰਘ ਬਿੱਟੂ, ਚਰਨਜੀਤ ਸਿੰਘ ਚੰਨੀ, ਬੁਲਾਰਾ, ਗੋਲਾ, ਗੁਰਚਰਨ ਸਿੰਘ ਸੈਦਪੁਰ ਅਤੇ ਗੁਰਜੰਟ ਸਿੰਘ ਬੁਧ ਸਿੰਘ ਵਾਲਾ ਇਸ ਗੱਲ ਦੇ ਗਵਾਹ ਹਨ। ਪਰ ਗੁਰਜੰਟ ਸਿੰਘ ਅੱਜ ਵੀ ਸਿੰਘ ਸਾਹਿਬ ਬਾਰੇ ਸਚਾਈ ਜਾਣਦਾ ਹੈ ਅਤੇ ਸੰਤਾਂ ਦੇ ਪਰਵਾਰ ਦੀ ਕਦਰ ਕਰਦਾ ਹੈ। ਉਹ ਉਸ ਪਰਵਾਰ ਦੀ ਕੁਰਬਾਨੀ ਬਾਰੇ, ਸਿੱਖ ਕੌਮ ਵਾਸਤੇ ਸ਼ਹੀਦ ਹੋਏ ਅੱਠ ਜੀਆਂ ਬਾਰੇ ਜਾਣਦਾ ਹੈ।

ਅਸੀਂ ਵੀ ਸਰਕਾਰੀ ਤਸ਼ੱਦਦ ਝੱਲਿਆ ਹੈ, ਕਾਲ ਕੋਠੜੀਆਂ ਦੇਖੀਆਂ ਹਨ, ਪੱਟ ਪੜਵਾਏ ਹਨ। ਪਰ ਕਿਸੇ ਵੀ ਸੰਘਰਸ਼ ਵਾਸਤੇ ਸਿਆਣਪ ਦੀ ਲੋੜ ਹੁੰਦੀ ਹੈ। ਜੇ ਕੋਈ ਸੁਚੱਜੇ ਢੰਗ ਨਾਲ ਸੰਘਰਸ਼ ਚਲਾਏ ਤਾਂ ਸੰਘਰਸ਼ ਜ਼ਰੂਰ ਕਾਮਯਾਬ ਹੋ ਜਾਂਦਾ ਹੈ। ਅਸੀਂ ਇਹ ਗੱਲ ਜ਼ਰੂਰ ਮੰਨਦੇ ਹਾਂ ਕਿ ਸਾਡਾ ਸਾਰਿਆਂ ਦਾ ਨਿਸ਼ਾਨਾ ਖਾਲਿਸਤਾਨ ਹੈ। ਪਰ ਕਿਸੇ ਵੀ ਚੀਜ਼ ਨੂੰ ਪ੍ਰਾਪਤ ਕਰਨ ਤੋਂ ਪਹਿਲਾਂ ਉਸਦੀ ਰੂਪ-ਰੇਖਾ ਤਿਆਰ ਕਰਨੀ ਜ਼ਰੂਰੀ ਹੈ। ਇਕ ਚੀਜ਼ ਦੀ ਪ੍ਰਾਪਤੀ ਮੰਗ ਕੇ ਕੀਤੀ ਜਾਂਦੀ ਹੈ ਦੂਜੀ ਚੀਜ਼ ਦੀ ਪ੍ਰਾਪਤੀ ਖੋਹ ਕੇ ਕੀਤੀ ਜਾਂਦੀ ਹੈ। ਜੇ ਪ੍ਰਾਪਤੀ ਸਿਆਣਪ ਨਾਲ ਕੀਤੀ ਜਾਵੇ ਤਾਂ ਬਿਨਾਂ ਕਿਸੇ ਨੁਕਸਾਨ ਦੇ ਹੀ ਪ੍ਰਾਪਤ ਹੋ ਜਾਂਦੀ ਹੈ। ਸਾਡੀ ਸਿੱਖ ਕੌਮ ਕੋਈ ਵੀ ਚੀਜ਼ ਮੰਗਦੀ ਨਹੀਂ ਕਿਉਂਕਿ ਜੱਦੀ ਹੱਕ ਸਿਰਫ ਖੋਹੇ ਜਾਂਦੇ ਹਨ। ਅਸੀਂ ਸਿਆਣਪ ਨਾਲ ਹੱਕ ਖੋਹਣ ਵਿਚ ਹੀ ਅਕਲਮੰਦੀ ਸਮਝਦੇ ਹਾਂ। ਪਰ ਹਰ ਚੀਜ਼ ਖੋਹਣ ਦਾ ਸਮਾਂ ਹੁੰਦਾ ਹੈ। ਸਮੇਂ ਮੁਤਾਬਕ ਹੋਇਆ ਕੰਮ ਹਮੇਸ਼ਾ ਸਫਲ ਹੁੰਦਾ ਹੈ। ਸਾਡੇ ਖਾੜਕੂ ਵੀਰਾਂ ਨੇ ਖਾਲਿਸਤਾਨ ਦਾ ਨਾਹਰਾ ਲਾਇਆ। ਸਭ ਤੋਂ ਪਹਿਲਾਂ ਪੰਥਕ ਕਮੇਟੀ ਨੇ ਹੀ ਖਾਲਿਸਤਾਨ ਦਾ ਐਲਾਨ ਕੀਤਾ। ਪਰ ਕੀ ਖੱਟਿਆ ? ਆਪ ਤਾਂ ਭੱਜ ਨਿਕਲੇ ਪਰ ਗੁਰਦੇਵ ਸਿੰਘ ਵਰਗੀ

ਧਰਮੀ ਸ਼ਖਸ਼ੀਅਤ ਨੂੰ ਫਸਾ ਗਏ। ਨਾਲੇ ਜਿਹੜੀ ਓਦੋਂ ਅੰਮ੍ਰਿਤ ਪਰਚਾਰ ਦੀ ਲਹਿਰ ਚੱਲੀ ਸੀ ਉਹ ਸਾਰੀ ਰੁਕ ਗਈ। ਸਿੱਖ ਕੌਮ ਦੀ ਤਿਆਰ ਹੋ ਰਹੀ ਫੌਜ ਨੂੰ ਠੱਲ ਪੈ ਗਈ। ਅਜ ਸਾਡੇ ਸੰਘਰਸ਼ ਵਿਚ ਖਾੜਕੂਆਂ ਅਤੇ ਹਰ ਇਕ ਜਥੇਬੰਦੀ ਦੀ ਫੁੱਟ ਨੇ ਸੰਘਰਸ਼ ਨੂੰ ਆਪਣੇ ਅਸਲੀ ਰਾਹ ਤੋਂ ਲਾਂਭੇ ਕਰ ਦਿਤਾ ਹੈ। ਖਾੜਕੂ ਆਪਣੇ ਗਰੁੱਪਾਂ ਦੀ ਗਿਣਤੀ ਵਧਾਈ ਜਾ ਰਹੇ ਹਨ ਅਤੇ ਕਿਸੇ ਵੀ ਇਕ ਨੂੰ ਆਪਣਾ ਲੀਡਰ ਮੰਨਣ ਨੂੰ ਤਿਆਰ ਨਹੀਂ। ਇਸ ਕਰਕੇ ਇਕੱਲੇ ਖਾੜਕੂਆਂ ਨੂੰ ਹੀ ਨਹੀਂ ਬਲਕਿ ਸਾਰੀ ਕੌਮ ਨੂੰ ਹੀ ਕਰਾਰੀ ਹਾਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਾਡਾ ਨੁਕਸਾਨ 99% ਹੋ ਰਿਹਾ ਹੈ ਪਰ ਪ੍ਰਾਪਤੀ ਇਕ ਫੀ ਸਦੀ ਵੀ ਨਹੀਂ। ਦਾਸ ਕਾਲੀ ਫਰਜ ਵਾਲੇ ਸਾਰੇ ਸਖਸ਼ਾਂ ਬਾਰੇ ਚੰਗੀ ਤਰ੍ਹਾਂ ਜਾਣਦਾ ਹੈ। ਉਹਨਾਂ ਨੂੰ, ਦਰਬਾਰ ਸਾਹਿਬ ਅੰਦਰ ਬੈਠਿਆਂ ਨੂੰ ਇਹ ਵੀ ਖਬਰ ਨਹੀਂ ਸੀ ਕਿ ਉਹਨਾਂ ਦਾ ਸੰਚਾਲਨ ਕੌਣ ਕਰ ਰਿਹਾ ਹੈ। ਉਹ ਸਿਰਫ ਪੈਸੇ ਤੱਕ ਮਤਲਬ ਰੱਖਦੇ ਸਨ ਜਾਂ ਆਪਣੀ ਫੋਕੀ ਫੋਸ਼ ਤੱਕ। ਜੋ ਕੁਝ ਉਹ ਉਥੇ ਕਰਦੇ ਸਨ ਉਹ ਉਹਨਾਂ ਨੂੰ ਕਰਨਾ ਨਹੀਂ ਸੀ ਚਾਹੀਦਾ।

ਬਾਕੀ ਸਿੰਘ ਸਾਹਿਬਾਨ ਨੂੰ ਸ਼ਰੋਮਣੀ ਕਮੇਟੀ ਨੇ ਬਰ-ਖਾਸਤ ਕੀਤਾ ਹੈ। ਇਹ ਵੀ ਜਾਇਜ਼ ਨਹੀਂ। ਸ਼ਰੋਮਣੀ ਕਮੇਟੀ ਦੇ ਅਧਿਕਾਰੀ ਮਨਜੀਤ ਸਿੰਘ ਕਲਕੱਤੇ ਵਰਗੇ ਸਰਕਾਰੀ ਬੰਦੇ ਹਨ। ਜੋ ਨਹੀਂ ਚਾਹੁੰਦੇ ਕਿ ਸ਼ਰੋਮਣੀ ਕਮੇਟੀ ਦੀਆਂ ਚੋਣਾਂ ਹੋਣ ਅਤੇ ਨੌਜਵਾਨ ਅੱਗੇ ਆਉਣ ਤੇ ਸ਼ਰੋਮਣੀ ਕਮੇਟੀ ਦੀਆਂ ਕੁਰਿਹਤਾਂ ਤੋਂ ਪਰਦਾ ਚੁੱਕਿਆ ਜਾਵੇ। ਅਸੀਂ ਦੱਸਾਂਗੇ ਕਿ ਸ਼ਰੋਮਣੀ ਕਮੇਟੀ ਦੇ ਕਿਹੜੇ ਕਿਹੜੇ ਮੈਂਬਰਾਂ ਨੇ 90, 90 ਹਜ਼ਾਰ ਦੇ ਗਬਨ ਕੀਤੇ ਅਤੇ ਕਿਹੜੇ ਕਿਹੜੇ ਨੇ ਵਰਿੰਦਰ ਸਿੰਘ ਦਾਖੇ ਵਰਗੇ ਖਾੜਕੂਆਂ ਨੂੰ ਘਰੀਂ ਬੁਲਾਕੇ ਗ੍ਰਿਫਤਾਰ ਕਰਵਾਇਆ ਅਤੇ ਸ਼ਹੀਦ ਕਰਵਾਇਆ। ਕੀ ਮੱਲ ਸਿੰਘ ਘੁੰਮਣ ਵਰਗੇ ਅਜਿਹੇ ਸਖਸ਼ ਸ਼ਰੋਮਣੀ ਕਮੇਟੀ ਦੀ ਮੈਂਬਰਸ਼ਿਪ ਦੇ ਹੱਕਦਾਰ ਹਨ ਜਾਂ ਗੋਲੀ ਦੇ ?

ਖਾਲਿਸਤਾਨ ਦੇ ਐਲਾਨ ਦਾ ਸਮਾਂ ਤਾਂ ਸੀ ਜੇ ਪਾਕਿਸਤਾਨ ਜਾਂ ਕੋਈ ਬਾਹਰਲਾ ਮੁਲਕ ਸਾਡੇ 'ਤੇ ਹਮਲਾ ਕਰਦਾ। ਫੇਰ ਅਸੀਂ ਕੇਂਦਰ ਨੂੰ ਕਹਿੰਦੇ ਕਿ ਦੱਸੋ ਸਾਨੂੰ ਅਜ਼ਾਦੀ ਦਾ ਨਿੱਘ ਮਾਨਣ ਦੇਣਾ ਹੈ ਜਾਂ ਅਸੀਂ ਆਪਣੀ ਲੜਾਈ ਲੜੀਏ। ਕੇਂਦਰ ਬਾਹਰੀ ਹਮਲੇ ਤੇ ਅੰਦਰੂਨੀ ਲੜਾਈ ਦੇ ਡਰੋਂ ਹਥਿਆਰ ਸਿਟ ਜਾਂਦਾ। ਹਰ ਗੱਲ ਸਮੇਂ ਮੁਤਾਬਿਕ ਹੀ ਸ਼ੋਭਦੀ ਹੈ।

ਗੁਰੂ ਫਤਹਿ

ਆਪ ਦੇ ਵੀਰ :

ਗੁਰਕਰਨ ਸਿੰਘ, ਪ੍ਰਿਥੀ ਸਿੰਘ

# ਸਾਡਾ ਜਵਾਬ

ਉਪਰਲੀ ਚਿੱਠੀ ਵਿਚ ਪਹਿਲਾ ਸਵਾਲ ਜਸਬੀਰ ਸਿੰਘ ਰੋਡੇ ਪ੍ਰਤੀ ਜਨਤਕ ਪੈਗਾਮ ਦੀ ਪਹੁੰਚ ਨਾਲ ਸਬੰਧਤ ਹੈ। ਅਸੀਂ ਇਹ ਸਮਝਦੇ ਹਾਂ ਕਿ ਕਿਸੇ ਵੀ ਸਿਆਸੀ ਜਾਂ ਧਾਰਮਕ ਆਗੂ ਵੱਲ ਪਹੁੰਚ ਇਸ ਗੱਲ ਤੋਂ ਨਹੀਂ ਤਹਿ ਹੋਣੀ ਚਾਹੀਦੀ ਕਿ ਉਹ ਕਿਸ ਪਰਵਾਰ ਵਿਚ ਜੰਮਿਆ ਪਲਿਆ ਹੈ ਅਤੇ ਉਸਦੇ ਪਰਿਵਾਰ ਦੀਆਂ ਕਿੰਨੀਆਂ ਕੁਰਬਾਨੀਆਂ ਹਨ ਅਤੇ ਕਿੰਨੀਆਂ ਨਹੀਂ। ਪੰਜਾਬ ਦਾ ਇਤਿਹਾਸ ਵੀ ਇਸੇ ਗੱਲ ਦੀ ਪੁਸ਼ਟੀ ਕਰਦਾ ਹੈ। ਗੁਰੂ ਪਰਿਵਾਰਾਂ ਦੀ ਹੀ ਮਿਸਾਲ ਲੈ ਲਵੋ। ਪ੍ਰਿਥੀ ਚੰਦ, ਧੀਰ ਮਲ ਜਾਂ ਰਾਮ ਰਾਏ ਦੇ ਪਰਿਵਾਰਾਂ ਦੀਆਂ ਦੇਣਾਂ ਕਿਹਦੇ ਨਾਲੋਂ ਘੱਟ ਹਨ ਪਰ ਕੋਈ ਵੀ ਸਿੱਖ ਉਹਨਾਂ ਨੂੰ ਚਿਮਟੇ ਨਾਲ ਵੀ ਛੂਹਣ ਨੂੰ ਤਿਆਰ ਨਹੀਂ। ਅਸੀਂ ਇਹ ਵੀ ਸਮਝਦੇ ਹਾਂ ਕਿ ਕਿਸੇ ਵੀ ਸਿਆਸੀ ਜਾਂ ਧਾਰਮਿਕ ਆਗੂ ਬਾਰੇ ਪਹੁੰਚ ਇਸ ਗੱਲ ਤੋਂ ਤਹਿ ਨਹੀਂ ਹੋਣੀ ਚਾਹੀਦੀ ਕਿ ਕੋਈ ਪੱਤਰਕਾਰ ਜਾਂ ਕੋਈ ਸਰਕਾਰੀ ਪੁਰਜ਼ਾ ਜਾਂ ਹਾਕਮ ਉਸ ਬਾਰੇ ਕੀ ਕਹਿੰਦੇ ਹਨ। ਸਾਡੀ ਸਮਝ ਇਹ ਹੈ ਕਿ ਆਗੂਆਂ ਪ੍ਰਤੀ ਪਹੁੰਚ ਉਹਨਾਂ ਦੀ ਸਿਆਸੀ ਸੂਝ ਅਤੇ ਸਿਆਸੀ ਰੋਲ ਤੋਂ ਤਹਿ ਹੋਣੀ ਚਾਹੀਦੀ ਹੈ ਅਸੀਂ ਜਸਬੀਰ ਸਿੰਘ ਰੋਡੇ ਪ੍ਰਤੀ ਪਹੁੰਚ ਇਸੇ ਅਨੁਸਾਰ ਹੀ ਅਪਣਾਈ ਸੀ। ਜਸਬੀਰ ਸਿੰਘ ਜਿਹਨਾਂ ਹਾਲਤਾਂ ਵਿਚ ਜੇਲ੍ਹ 'ਚੋਂ ਰਿਹਾ ਹੋ ਕੇ ਆਇਆ ਸੀ ਅਤੇ ਬਾਹਰ ਆਉਂਦਿਆਂ ਸਾਰ ਹੀ ਉਸਨੇ ਜਿਹੜੇ ਨੀਤੀ ਬਿਆਨ ਜਾਰੀ ਕੀਤੇ ਸਨ ਅਸੀਂ ਉਹਨਾਂ ਦੇ ਅਧਾਰ 'ਤੇ ਹੀ ਉਸਦੀ ਸਮਝ ਨੂੰ ਗਲਤ ਤੇ ਨੁਕਸਾਨਦੇਹ ਕਰਾਰ ਦਿਤਾ ਸੀ। ਉਸ ਸਮੇਂ ਚਮਨ ਲਾਲ ਸੀਨ 'ਤੇ ਕਿਤੇ ਵੀ ਨਹੀਂ ਸੀ। ਚਮਨ ਲਾਲ ਦੇ ਇੰਟੈਲੀਜੈਂਸ ਬਿਊਰੋ ਦੇ ਆਈ. ਜੀ. ਰੁਦਰਾ ਬਾਰੇ ਤੱਥ ਨੇ ਸਾਡੀ ਸਮਝ ਦੀ ਪੁਸ਼ਟੀ ਹੀ ਕੀਤੀ ਹੈ ਇਹ ਸਾਡੀ ਸਮਝ ਦਾ ਅਧਾਰ ਨਹੀਂ। ਵੈਸੇ ਇਸ ਤੱਥ ਦਾ ਸਾਨੂੰ ਚਮਨ ਲਾਲ ਤੋਂ ਪਹਿਲਾਂ ਵੀ ਪਤਾ ਸੀ। ਜਸਬੀਰ ਸਿੰਘ ਰੋਡੇ ਨੇ ਆਪਣੇ ਨੇੜਲੇ ਸਰਕਲਾਂ ਨਾਲ ਇਸਨੂੰ ਸਾਂਝਾ ਕੀਤਾ ਹੋਇਆ ਹੈ ਉਨ੍ਹਾਂ ਤੋਂ ਹੀ ਸਾਨੂੰ ਇਸ ਬਾਰੇ ਪਤਾ ਲਗਿਆ ਸੀ ਪਰ ਅਸੀਂ ਇਸ ਨੂੰ ਉਛਾਲਣ ਦੀ ਥਾਂ, ਸਾਰੀ ਗੱਲ ਸਿਆਸਤ 'ਤੇ ਕੇਂਦਰਤ ਕਰੀ ਰੱਖਣਾ ਚਾਹੁੰਦੇ ਸਾਂ।

ਚਿੱਠੀ ਵਿਚ ਦੂਸਰਾ ਨੁਕਤਾ ਜਸਬੀਰ ਸਿੰਘ ਅਤੇ ਉਸ ਦੀ ਧਿਰ ਦੇ ਸਿੰਘ ਸਾਹਿਬਾਨਾਂ ਵਲੋਂ ਖਾੜਕੂਆਂ ਦੀ ਏਕਤਾ ਕਰਵਾਉਣ ਲਈ ਕੀਤੀ ਗਈ ਭੱਜ ਨੱਠ ਬਾਰੇ ਹੈ। ਜਸਬੀਰ ਸਿੰਘ ਰੋਡੇ ਵਲੋਂ ਭੇਸ ਬਦਲਕੇ, ਰਾਤਾਂ ਨੂੰ 10-10 ਕਿਲੋਮੀਟਰ ਤੁਰਕੇ ਖਾੜਕੂਆਂ ਨਾਲ ਕੀਤੀਆਂ ਗਈਆਂ ਮੀਟਿੰਗਾਂ ਵਰਗੇ ਸਾਰੇ ਤੱਥ ਦਰੁਸਤ ਹਨ। ਜਸਬੀਰ ਸਿੰਘ ਨੇ ਏਕਤਾ ਕਰਵਾਉਣ ਲਈ ਵਾਕਿਆਂ ਹੀ ਦਿਨ-ਰਾਤ ਇਕ ਕਰ ਦਿਤਾ ਸੀ। ਪਰ ਏਨਾ ਕੁਝ ਹੀ ਉਸਨੂੰ ਮਹਾਨ ਆਗੂ ਨਹੀਂ ਬਣਾ ਦੇਂਦਾ। ਏਕਤਾ ਆਪਣੇ ਆਪ ਵਿਚ ਕੁਝ ਵੀ

ਨਹੀਂ ਹੁੰਦੀ, ਜੇ ਉਹ ਦਰੁਸਤ ਪ੍ਰੋਗਰਾਮ ਅਤੇ ਦਰੁਸਤ ਸਿਆਸਤ ਦੇ ਅਧਾਰ 'ਤੇ ਨਾ ਹੋਵੇ। ਸਿਰਫ਼ ਦਰੁਸਤ ਅਧਾਰ 'ਤੇ ਹੋਣ ਵਾਲੀ ਏਕਤਾ ਹੀ ਸਲਾਹੁਣ ਯੋਗ ਹੁੰਦੀ ਹੈ। ਮਿਸਾਲ ਵਜੋਂ ਅੱਜ ਕੱਲ ਦਰਸ਼ਨ ਸਿੰਘ ਰਾਗੀ ਬਾਬਾ ਦਲ ਨੂੰ ਬਾਹਰ ਰੱਖਕੇ ਬਾਕੀ ਅਕਾਲੀ ਧੜਿਆਂ ਦੀ ਏਕਤਾ ਲਈ ਕਾਫ਼ੀ ਸਰਗਰਮ ਹੈ। ਥੋੜੀ-ਮੋਟੀ ਸੂਝ ਰੱਖਣ ਵਾਲਾ ਵਿਅਕਤੀ ਵੀ ਜਾਣ ਸਕਦਾ ਹੈ ਕਿ ਇਹ ਏਕਤਾ ਖਾੜਕੂਆਂ ਦੇ ਖਿਲਾਫ਼ ਸੇਧਤ ਹੈ। ਇਸਦਾ ਮਕਸਦ ਸਿਆਸੀ ਪਿੜ ਵਿਚ ਤਕੜੀ ਸੱਟ ਖਾ ਚੁੱਕੇ ਪੇਂਡੂ ਧਨਾਢਾਂ ਦੇ ਇਹਨਾਂ ਨੁਮਾਇੰਦਿਆਂ ਨੂੰ ਇਕ ਵਾਰ ਮੁੜ ਪੱਕੇ ਪੈਰੀਂ ਖੜੇ ਕਰਨਾ ਹੈ। ਖਾੜਕੂਆਂ ਖਿਲਾਫ਼ ਸੇਧਤ ਹੋਣ ਕਰਕੇ ਇਸ ਏਕਤਾ ਨੂੰ ਕੇਂਦਰ ਦੀ ਅਸ਼ੀਰਵਾਦ ਵੀ ਹਾਸਲ ਹੈ। ਕੀ ਕੋਈ ਜਨਾ ਏਕਤਾ ਕਰਵਾਉਣ ਦੀਆਂ ਅਜਿਹੀਆਂ ਕੋਸ਼ਿਸ਼ਾਂ ਦੀ ਜੈ ਜੈ ਕਾਰ ਕਰ ਸਕਦਾ ਹੈ ? ਨਹੀਂ, ਕਦੀ ਵੀ ਨਹੀਂ। ਭਾਵੇਂ ਇਸ ਵਿਚ ਖਾੜਕੂਆਂ ਦੀ ਕੋਈ ਧਿਰ ਵੀ ਆਪਣੇ ਕੁਝ ਬੰਦੇ ਕਿਉਂ ਨਾ ਪਵਾ ਲਵੇ।

ਜਸਬੀਰ ਸਿੰਘ ਰੋਡੇ ਵਲੋਂ ਏਕਤਾ ਲਈ ਜਿੰਨਾ ਵੀ ਜ਼ੋਰ ਲਾਇਆ ਗਿਆ ਉਸ ਸਾਰੇ ਦਾ ਮਕਸਦ ਭਾਰਤੀ ਸੰਵਿਧਾਨ ਦੇ ਘੇਰੇ ਤੋਂ ਬਾਹਰ ਜਾ ਕੇ ਲੜੀ ਜਾ ਰਹੀ ਲੜਾਈ ਨੂੰ ਸੰਵਿਧਾਨ ਦੇ ਘੇਰੇ ਅੰਦਰ ਲਿਆਉਣਾ ਸੀ ਅਤੇ ਇਹ ਤਾਂ ਹੀ ਸੰਭਵ ਹੋ ਸਕਦਾ ਸੀ ਜੇ ਖਾੜਕੂਆਂ ਵਿਚ ਏਕਤਾ ਹੋ ਜਾਂਦੀ। ਜਸਬੀਰ ਸਿੰਘ ਦੀਆਂ ਅਜਿਹੀਆਂ ਦਲੀਲਾਂ, ਕਿ "ਹਰ ਚੀਜ਼ ਖੋਹਣ ਦਾ ਸਮਾਂ ਹੁੰਦਾ ਹੈ, ਸਮੇਂ ਮੁਤਾਬਕ ਹੋਇਆ ਕੰਮ ਸਫਲ ਹੁੰਦਾ ਹੈ......ਜੇ ਪਾਕਿਸਤਾਨ ਜਾਂ ਕੋਈ ਬਾਹਰਲਾ ਮੁਲਕ ਸਾਡੇ ਦੇਸ਼ 'ਤੇ ਹਮਲਾ ਕਰਦਾ ਹੈ ਤਾਂ ਅਸੀਂ ਕੇਂਦਰ ਨੂੰ ਕਹਾਂਗੇ ਕਿ ਦੱਸੋ ਸਾਨੂੰ ਆਜ਼ਾਦੀ ਦਾ ਨਿੱਘ ਮਾਨਣ ਦੇਣਾ ਹੈ ਜਾਂ ਅਸੀਂ ਆਪਣੀ ਲੜਾਈ ਲੜੀਏ", ਜਿਹਨਾਂ ਨੂੰ ਚਿੱਠੀ ਵਿਚ ਵੀ ਦੁਹਰਾਇਆ ਗਿਆ ਹੈ, ਦਾ ਅਰਥ ਵੀ ਇਹ ਹੀ ਬਣਦਾ ਹੈ ਕਿ ਅਜ ਲੜਾਈ ਦਾ ਸਮਾਂ ਨਹੀਂ ਹੈ।

ਇਸ ਸਮੇਂ ਭਾਰਤੀ ਹਾਕਮਾਂ ਦਾ ਸਾਰਾ ਜ਼ੋਰ ਵੀ ਇਸ ਗੱਲ 'ਤੇ ਲੱਗਾ ਹੋਇਆ ਹੈ ਕਿ ਕਿਵੇਂ ਨਾ ਕਿਵੇਂ ਖਾੜਕੂ ਲਹਿਰ ਨੂੰ ਕਾਬੂ ਕਰਕੇ ਮੁੜ ਸੰਵਿਧਾਨ ਦੇ ਘੇਰੇ ਅੰਦਰ ਲਿਆਂਦਾ ਜਾਵੇ, ਜਿਵੇਂ ਉਹ ਕਾਮਯਾਬੀ ਨਾਲ ਮੀਜ਼ੋਰਮ ਵਿਚ ਕਰ ਗਏ ਹਨ। ਸੰਵਿਧਾਨ ਦੇ ਘੇਰੇ ਅੰਦਰ ਰਹਿਕੇ 'ਲੜਣ' ਵਾਲੇ ਖਾੜਕੂਆਂ ਨੂੰ ਉਹ ਲਾਲਡੇਂਗੇ ਵਾਂਗ ਗੱਦੀਆਂ ਵੀ ਬਖਸ਼ ਸਕਦੇ ਹਨ। ਪੰਜਾਬ ਵਿਚ ਜਿਹੜਾ ਸਰਕਾਰੀ ਦਹਿਸ਼ਤਗਰਦੀ ਦਾ ਝੱਖੜ ਝੁੱਲ ਰਿਹਾ ਹੈ ਉਸਦਾ ਮਕਸਦ ਵੀ ਖਾੜਕੂਆਂ ਦੇ ਮਨਾਂ ਅੰਦਰ "ਭਾਰਤੀ ਸਟੇਟ ਦੀ ਤਾਕਤ" ਦੀ ਦਹਿਸ਼ਤ ਪਾਕੇ ਉਹਨਾਂ ਨੂੰ ਸੰਵਿਧਾਨ ਦੇ ਘੇਰੇ ਅੰਦਰ ਆਉਣ ਲਈ ਹੀ ਪਰੇਰਨਾ ਹੈ। ਇਸ ਲਈ ਜਸਬੀਰ ਸਿੰਘ ਨੇ ਖਾੜਕੂਆਂ ਵਿਚਕਾਰ ਏਕਤਾ ਕਰਵਾਉਣ ਦੀਆਂ ਜੋ ਕੋਸ਼ਿਸ਼ਾਂ ਆਰੰਭੀਆਂ ਸਨ ਤਾਂ ਭਾਰਤੀ ਹਾਕਮਾਂ ਦੇ ਕਿਸੇ ਵੀ ਹਿੱਸੇ ਨੇ ਇਸਦਾ ਬੁਰਾ ਨਹੀਂ ਸੀ ਮਨਾਇਆ। ਕਿਉਂਕਿ ਜਿਹੜਾ ਕੰਮ ਕਰਨ ਲਈ ਉਹਨਾਂ ਦੀ ਵਰ੍ਹਿਆਂ ਤੋਂ ਨੀਂਦ ਹਰਾਮ ਹੋਈ ਹੋਈ ਹੈ ਉਹ ਇਕੱਲਾ ਜਸਬੀਰ ਸਿੰਘ ਹੀ ਸਿਰੇ ਚਾੜਦਾ ਲੱਗਦਾ ਸੀ। ਜਸਬੀਰ ਸਿੰਘ 'ਤੇ ਉਸਦੀ ਧਿਰ ਦੇ ਸਿੰਘ ਸਾਹਿਬਾਂ ਦੀ ਰਿਹਾਈ ਵੀ ਇਸੇ ਕਰਕੇ ਹੋਈ ਸੀ ਕਿਉਂਕਿ ਜੇਲ੍ਹਾਂ ਵਿਚ ਉਹਨਾਂ ਨਾਲ ਹੋਈਆਂ ਮੀਟਿੰਗਾਂ ਤੋਂ ਹਾਕਮਾਂ ਨੂੰ ਵਿਸ਼ਵਾਸ਼ ਹੋ ਗਿਆ ਸੀ ਕਿ ਇਹ ਚਾਰੇ ਜੇਲ੍ਹ ਅੰਦਰ ਰੱਖਣ ਨਾਲੋਂ ਜੇਲ੍ਹ ਤੋਂ ਬਾਹਰ ਜਾ ਕੇ ਵੱਧ ਕੰਮ ਦੇ ਸਕਦੇ ਹਨ। ਜਸਬੀਰ ਸਿੰਘ ਰੋਡੇ ਨੂੰ ਦਰਬਾਰ ਸਾਹਿਬ ਅੰਦਰ ਜਾਣ ਦਿਤਾ ਜਾਵੇ ਜਾਂ ਨਾ, ਇਸ ਬਾਰੇ ਭਾਰਤੀ ਹਾਕਮਾਂ ਅੰਦਰ ਦੋ ਵਿਚਾਰ ਜ਼ਰੂਰ ਸਨ ਅਤੇ ਚਮਨ ਲਾਲ ਰਾਹੀਂ ਉਹ ਅਖਬਾਰਾਂ ਰਾਹੀਂ ਬਾਹਰ ਪਬਲਿਕ ਵਿਚ ਆ ਗਏ ਸਨ, ਪਰ ਉਸ ਵਲੋਂ ਕੀਤੀਆਂ ਗਈਆਂ ਏਕਤਾ ਕੋਸ਼ਿਸ਼ਾਂ 'ਤੇ ਬੂਟਾ ਸਿੰਘ ਵਰਗਿਆਂ ਨੂੰ ਵੀ ਕੋਈ ਇਤਰਾਜ਼ ਨਹੀਂ ਸੀ ਸਤੀਸ਼ ਸ਼ਰਮੇ ਨੂੰ ਤਾਂ ਹੋਣਾ ਹੀ ਕੀ ਹੈ। ਇਸੇ ਕਰਕੇ ਜਸਬੀਰ ਸਿੰਘ ਵਲੋਂ ਭੇਸ ਵਟਾਕੇ, ਦਸ-ਦਸ ਕਿਲੋਮੀਟਰ ਤੁਰਕੇ ਖਾੜਕੂ ਨਾਲ ਕੀਤੀਆਂ ਜਾਣ ਵਾਲੀਆਂ ਮੀਟਿੰਗਾਂ ਦਾ ਉਹਨਾਂ ਨੇ ਕੋਈ ਬੁਰਾ ਨਹੀਂ ਸੀ ਮਨਾਇਆ। ਹਾਂ, ਜਿਹਨਾਂ ਖਾੜਕੂਆਂ ਬਾਰੇ ਉਹਨਾਂ ਨੂੰ ਪਤਾ ਸੀ ਕਿ ਉਹ ਅਜਿਹੀ ਏਕਤਾ ਵਿਚ ਰੋੜਾ ਬਣ ਸਕਦੇ ਹਨ, ਉਹਨਾਂ ਨੂੰ ਹਾਕਮਾਂ ਨੇ ਮੁਆਫ਼ ਨਹੀਂ ਕੀਤਾ ਅਤੇ ਉਨ੍ਹਾਂ ਨੂੰ ਇਸ ਤਰ੍ਹਾਂ ਦੀ ਏਕਤਾ ਲਈ ਕੋਸ਼ਿਸ਼ਾਂ ਦੇ ਦਿਨਾਂ ਵਿਚ ਵੀ ਝੂਠੇ ਮੁਕਾਬਲਿਆਂ ਰਾਹੀਂ ਖਤਮ ਕਰਨ ਦੀਆਂ ਮੁਹਿੰਮਾਂ ਜਾਰੀ ਰਹੀਆਂ।

ਅਜਿਹੇ ਕਿਸੇ ਵੀ ਏਕਤਾ, ਦੇ ਯਤਨਾਂ ਨੂੰ ਜਿਸਦਾ ਨਿਸ਼ਾਨਾ ਇਕੱਠੇ ਹੋਣ ਵਾਲਿਆਂ ਨੂੰ ਇਕ ਘਾਤਕ ਲੀਹ 'ਤੇ ਪਾਉਣਾ ਹੋਵੇ, ਕਿਸੇ ਵੀ ਤਰਾਂ ਵਡਿਆਇਆ ਨਹੀਂ ਜਾ ਸਕਦਾ।

ਏਕਤਾ ਦੇ ਸਬੰਧ ਵਿਚ ਹੀ ਚਿੱਠੀ ਵਿਚ ਇਕ ਹੋਰ ਗੱਲ ਕਹੀ ਗਈ ਹੈ। ਚਿੱਠੀ ਮੁਤਾਬਕ "ਖਾੜਕੂ ਆਪਣੇ ਗਰੁੱਪਾਂ ਦੀ ਗਿਣਤੀ ਵਧਾਈ ਜਾ ਰਹੇ ਹਨ ਅਤੇ ਕਿਸੇ ਨੂੰ ਵੀ ਆਪਣਾ ਲੀਡਰ ਮੰਨਣ ਨੂੰ ਤਿਆਰ ਨਹੀਂ" ਕਿਉਂਕਿ ਜਸਬੀਰ ਸਿੰਘ ਦਾ ਨਿਸ਼ਾਨਾ ਹੀ ਗਲਤ ਸੀ, ਕੋਈ ਉਸਨੂੰ ਭਲਾ ਆਪਣਾ ਲੀਡਰ ਕਿਉਂ ਮੰਨਦਾ ? ਲੀਡਰ ਦੀ ਮੰਨਤਾ ਉਸ ਵਲੋਂ ਦਰੁਸਤ ਸਿਆਸੀ ਪ੍ਰੋਗਰਾਮ ਅਤੇ ਸੇਧ ਦੇਣ 'ਤੇ ਹੀ ਬਣਦੀ ਹੈ। ਅਜ ਕਿਸੇ ਵੀ ਖਾੜਕੂ ਲੀਡਰ ਕੋਲ ਅਜਿਹਾ ਪ੍ਰੋਗਰਾਮ ਅਤੇ ਸੇਧ ਨਹੀਂ ਹੈ। ਜੇ ਕੋਈ ਸਿਰਫ਼ ਇਸ ਅਧਾਰ 'ਤੇ ਆਪਣੀ ਲੀਡਰੀ ਸਥਾਪਤ ਕਰਨੀ ਚਾਹੁੰਦਾ ਹੈ ਜਿਵੇਂ ਕਿ ਬਹੁਤੇ ਖਾੜਕੂ ਕਰ ਰਹੇ ਹਨ ਕਿ ਉਸਨੇ 50 ਜਾਂ 100 ਹਿੰਦੂਆਂ ਦੇ ਕਤਲ ਕੀਤੇ ਹਨ, ਤਾਂ ਦੂਸਰੇ ਨੂੰ ਲੱਗਦਾ ਹੈ ਇਹ ਕਿਹੜੀ ਵੱਡੀ ਗੱਲ ਹੈ। ਉਹ ਕੁਝ ਹੀ ਦਿਨਾਂ ਵਿਚ ਪਹਿਲੇ ਨਾਲੋਂ ਬਾਜੀ ਲਿਜਾ ਸਕਦਾ ਹੈ। ਅਣਭੋਲ ਤੁਰੇ ਫਿਰਦੇ

(ਬਾਕੀ ਸਫ਼ਾ 27 ਤੇ)

# ਕੁਰਦਿਸ਼ ਕੌਮੀ ਮੁਕਤੀ ਘੋਲ 'ਤੇ ਵਹਿਸ਼ੀ ਜਬਰ ਦੀ ਮਾਰ

ਇਰਾਨ ਨਾਲ ਜੰਗਬੰਦੀ ਤੋਂ ਬਾਅਦ ਇਰਾਕੀ ਹਾਕਮਾਂ ਨੇ ਆਪਣੇ ਹੀ ਦੇਸ ਅੰਦਰਲੇ ਕੁਰਦਿਸ ਵਸੋਂ ਵਾਲੇ ਕੁਝ ਇਲਾਕਿਆਂ 'ਤੇ ਬਹੁਤ ਹੀ ਵਹਿਸ਼ੀ ਹੱਲਾਂ ਬੋਲ ਦਿਤਾ ਹੈ। ਟੈਂਕਾਂ, ਤੋਪਾਂ, ਬਲਡੋਜਰਾਂ, ਹੈਲੀਕਾਪਟਰਾ, ਜਹਿਰੀਲੀ ਗੈਸ ਅਤੇ ਜੰਗੀ ਜਹਾਜ਼ਾਂ ਨਾਲ ਲੈਸ 70 ਹਜਾਰ ਦੇ ਕਰੀਬ ਇਰਾਕੀ ਫੌਜੀ ਤੁਰਕੀ ਨਾਲ ਲਗਦੇ ਪਹਾੜੀ ਕੁਰਦਿਸ ਇਲਾਕਿਆ 'ਤੇ ਅੰਨੇਵਾਹ ਮੌਤ ਅਤੇ ਤਬਾਹੀ ਦਾ ਮੀਂਹ ਵਰ੍ਹਾ ਰਹੇ ਹਨ। ਦੋ ਹਫਤਿਆਂ ਦੇ ਅੰਦਰ ਹੀ ਉਹਨਾਂ ਨੇ ਸੈਂਕੜੇ ਪਿੰਡਾਂ ਨੂੰ ਢਾਹ ਕੇ ਥੇਹ ਕਰ ਦਿਤਾ ਹੈ ਅਤੇ ਹਜਾਰਾਂ ਹੀ ਕੁਰਦ ਮੌਤ ਦੇ ਘਾਟ ਉਤਾਰ ਦਿਤੇ ਹਨ। ਇਕ ਲੱਖ ਦੇ ਕਰੀਬ ਕੁਰਦ ਜਾਨ ਬਚਾਉਂਦੇ ਹੋਏ ਭੱਜ ਕੇ ਤੁਰਕੀ ਵਿਚ ਜਾ ਵੜੇ ਹਨ। ਬਾਕੀ ਬਚਦੀ ਵਸੋ ਨੂੰ ਇਰਾਕੀਆਂ ਨੇ ਕੁਝ ਕੈਂਪਾਂ ਅੰਦਰ ਇਕੱਠਾ ਕਰ ਦਿਤਾ ਹੈ।

ਇਰਾਕੀ ਫੌਜੀ ਸਭ ਤੋਂ ਪਹਿਲਾਂ ਕੁਰਦਾਂ ਦੇ ਪਿੰਡਾਂ 'ਤੇ ਬੰਬਾਰੀ ਕਰਦੇ ਅਤੇ ਜਹਿਰੀਲੀਆ ਗੈਸਾਂ ਛਡਦੇ ਹਨ। ਇਹਨਾ ਹਮਲਿਆਂ ਤੋਂ ਡਰਦਿਆਂ ਹੋਇਆ ਕੁਰਦਾਂ ਨੂੰ ਆਪਣੇ ਪਿੰਡਾ ਨੂੰ ਖਾਲੀ ਕਰਕੇ ਤੁਰਕੀ ਵਲ ਭੱਜਣ ਲਈ ਮਜਬੂਰ ਹੋਣਾ ਪੈਂਦਾ ਹੈ। ਜਿਹੜੇ ਕੁਰਦ ਤੁਰਕੀ ਪਹੁੰਚਣ ਵਿਚ ਸਫਲ ਨਹੀ ਹੁੰਦੇ ਉਹਨਾਂ ਨੂੰ ਘੇਰਕੇ ਫੌਜੀ ਕੈਂਪਾ ਅੰਦਰ ਬੰਦ ਕਰ ਦਿਤਾ ਜਾਂਦਾ ਹੈ। ਇਸ ਤੋਂ ਪਿਛੋਂ ਖਾਲੀ ਹੋਏ ਪਿੰਡਾਂ ਨੂੰ ਬੁਲਡੋਜਰਾਂ ਦੀ ਮਦਦ ਨਾਲ ਮਿੱਟੀ ਵਿਚ ਮਿਲਾ ਦਿਤਾ ਜਾਂਦਾ ਹੈ।

ਇਰਾਕੀ ਹਾਕਮਾਂ ਦੇ ਫੌਜੀ ਹਮਲੇ ਦਾ ਨਿਸ਼ਾਨਾਂ ਕੁਰਦਾਂ ਦੀ ਕੌਮੀ ਮੁਕਤੀ ਲਹਿਰ ਹੈ। ਹਮਲੇ ਦੇ ਮਾਰ ਹੇਠ ਆਇਆ ਇਲਾਕਾ ਲੰਮੇ ਸਮੇਂ ਤੋਂ ਕੁਰਦ ਜੁਝਾਰੂਆਂ ਦੀ ਹਥਿਆਰਬੰਦ ਜਦੋਜਹਿਦ ਦਾ ਗੜ੍ਹ ਚਲਿਆ ਆ ਰਿਹਾ ਹੈ। ਇਰਾਕੀ ਹਾਕਮ ਪਹਿਲਾਂ ਵੀ ਇਸ ਇਲਾਕੇ ਦੇ ਖਿਲਾਫ ਕਈ ਮੁਹਿੰਮਾਂ ਚਾੜ੍ਹ ਚੁੱਕੇ ਹਨ ਪਰ ਉਹਨਾ ਨੂੰ ਹਰ ਵਾਰ ਅਸਫਲਤਾ ਦਾ ਸਾਹਮਣਾ ਕਰਨਾ ਪਿਆ ਹੈ। ਉਹ ਨਾਂ ਤਾਂ ਕੁਰਦ ਜੁਝਾਰੂਆਂ ਨੂੰ ਆਪਣੇ ਇਰਾਦੇ ਤੋਂ ਪਿਛੇ ਹਟਾ ਸਕੇ ਹਨ ਅਤੇ ਨਾ ਹੀ ਸਥਾਨਕ ਵਸੋਂ ਦੇ ਮਨਾਂ ਅੰਦਰ ਏਨਾ ਦਹਿਲ ਹੀ ਪਾ ਸਕੇ ਹਨ ਕਿ ਉਹ ਜੁਝਾਰੂਆਂ ਦਾ ਸਾਥ ਦੇਣ ਤੋਂ ਹੀ ਤੋਬਾ ਕਰ ਜਾਵੇ। ਇਸ ਵਾਰ ਇਰਾਕੀ ਹਾਕਮਾ ਨੇ ਕੁਰਦ ਜੁਝਾਰੂਆਂ ਦੀ ਇਸ ਹਮਾਇਤੀ ਵਸੋਂ ਨੂੰ ਪਹਾੜੀ ਇਲਾਕਿਆ ਤੋਂ ਉਜਾੜ ਕੇ ਅਜਿਹੀਆਂ ਥਾਵਾ 'ਤੇ ਵਸਾਉਣ ਦਾ ਫੈਸਲਾ ਕੀਤਾ ਹੈ ਜਿਥੇ ਉਨਾਂ ਦੀਆਂ ਇਨਕਲਾਬੀ ਸਰਗਰਮੀਆਂ 'ਤੇ ਸੌਖ ਨਾਲ ਨਿਗਾਹ ਰੱਖੀ ਜਾ ਸਕੇ ਅਤੇ ਨਾਲ ਦੀ ਨਾਲ ਹੀ ਪਹਾੜੀ ਇਲਾਕਿਆਂ ਅੰਦਰ ਹਥਿਆਰਬੰਦ ਜਦੋਜਹਿਦ ਚਲਾ ਰਹੇ ਜੁਝਾਰੂਆਂ ਨਾਲ ਰਿਸ਼ਤਾ ਵੀ ਤੋੜਿਆ ਜਾ ਸਕੇ। ਇਰਾਕੀ ਹਾਕਮਾਂ ਦਾ ਖਿਆਲ ਹੈ ਕਿ ਇਸ ਤਰਾਂ ਕਰਕੇ ਉਹ ਪਹਾੜੀ ਇਲਾਕਿਆ ਅੰਦਰ ਚਲ ਰਹੀ ਹਥਿਆਰਬੰਦ ਜਦੋਜਹਿਦ ਦੇ ਪੈਰ ਉਖੇੜ ਦੇਣਗੇ। ਪਰ ਇਹ ਉਹਨਾ ਦਾ ਭਰਮ ਹੈ। ਜੇ ਹੁਣ ਤਕ ਕੁਰਦਾਂ ਦੀ ਕੌਮੀ ਮੁਕਤੀ ਲਹਿਰ ਕੁਚਲੀ ਨਹੀਂ ਜਾ ਸਕੀ ਤਾਂ ਇਸ ਦਾ ਇਕੋ ਇਕ ਕਾਰਨ ਹਥਿਆਰਬੰਦ ਜਦੋਜਹਿਦ ਦਾ ਪਹਾੜੀ ਇਲਾਕੇ ਵਿਚ ਕੇਂਦਰਤ ਹੋਣਾ ਹੀ ਨਹੀਂ ਹੈ। ਕੁਰਦਾਂ ਦੀ ਕੌਮੀ ਮੁਕਤੀ ਲਹਿਰ ਦੀ ਅਸਲੀ ਤਾਕਤ ਕੁਰਦਾਂ ਦੇ ਮਨਾਂ ਅੰਦਰ ਕੌਮੀ ਦਾਬੇ ਵਿਰੁੱਧ ਨਫਰਤ ਅਤੇ ਕੌਮੀ ਮੁਕਤੀ ਲਈ ਤਾਂਘ ਵਿਚ ਹੈ। ਇਰਾਕੀ ਹਾਕਮਾਂ ਦਾ ਤਾਜਾ ਹਮਲਾ ਅਤੇ ਕੁਰਦਾਂ ਨੂੰ ਉਹਨਾਂ ਦੇ ਘਰਾ ਤੋਂ ਉਜਾੜਣ ਦਾ ਪ੍ਰੋਗਰਾਮ ਕੁਰਦਾਂ ਦੇ ਮਨਾਂ ਅੰਦਰ ਇਰਾਕੀ ਹਾਕਮਾਂ ਪ੍ਰਤੀ ਨਫਰਤ ਨੂੰ ਹੋਰ ਵੀ ਪਰਚੰਡ ਕਰ ਦੇਵੇਗਾ। ਹੋ ਸਕਦਾ ਹੈ ਕਿ ਇਰਾਕੀ ਹਾਕਮ ਵਕਤੀ ਤੌਰ 'ਤੇ ਕੁਰਦਾਂ ਦੀ ਜਦੋਜਹਿਦ ਨੂੰ ਸੱਟ ਮਾਰਨ ਵਿਚ ਕਾਮਯਾਬ ਹੋ ਜਾਣ ਪਰ ਕੁਰਦਾਂ ਦੇ ਮਨਾਂ ਅੰਦਰ ਲਗਾਤਾਰ ਜਮਾ ਹੋ ਰਹੀ ਨਫਰਤ ਦਾ ਬਾਰੂਦ ਵਿਚ ਪਲਟਣਾ ਲਾਜਮੀ ਹੈ। ਭਾਵੇਂ ਉਹਨਾਂ ਨੂੰ ਪਹਾੜੀ ਇਲਾਕਿਆਂ ਤੋਂ ਉਜਾੜ ਕੇ ਕਿਤੇ ਵੀ ਵਸਾ ਦਿਤਾ ਜਾਵੇ, ਇਹ ਬਾਰੂਦ ਅਵੱਛ ਹੀ ਧਮਾਕਿਆਂ ਦਾ ਰੂਪ ਧਾਰਨ ਕਰ ਜਾਵੇਗਾ। ਕੁਰਦਾਂ ਦਾ ਆਪਣਾ ਪਿਛਲਾ ਇਤਿਹਾਸ ਵੀ ਇਸ ਗੱਲ ਦਾ ਗਵਾਹ ਹੈ ਭਾਵੇਂ ਪਿਛਲੇ ਸਮਿਆਂ 'ਚ ਉਹਨਾਂ ਨੂੰ ਕਿੰਨੀਆਂ ਹੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਹੈ ਪਰ ਉਹਨਾਂ ਨੇ ਹਥਿਆਰਬੰਦ ਜਦੋਜਹਿਦ ਦਾ ਕਦੀ ਵੀ ਪੱਲਾ ਨਹੀਂ ਛੱਡਿਆ। ਹਰ ਔਖੀ ਘੜੀ 'ਚੋਂ ਉਹ ਪਹਿਲਾਂ ਨਾਲੋਂ ਵੀ ਵਧ ਮਜਬੂਤ ਅਤੇ ਦ੍ਰਿੜ ਹੋ ਕੇ ਨਿਕਲਦੇ ਰਹੇ ਹਨ। ਉਹਨਾਂ ਦਾ ਵਿਚਾਰ ਹੈ "ਚੰਗੇ ਗੀਤ ਰਾਈਫਲਾਂ ਦੀ ਟਿਊਨ ਨਾਲ ਗਾਏ ਜਾਂਦੇ ਹਨ।

## ਕੁਰਦ ਸਮੱਸਿਆ ਦਾ ਪਿਛੋਕੜ

ਪਹਿਲੀ ਸੰਸਾਰ ਜੰਗ ਤੋਂ ਬਾਅਦ ਜੇਤੂ ਬਰਤਾਨਵੀ ਸਾਮਰਾਜੀਆਂ ਨੇ ਕੁਰਦ ਕੌਮ ਦੇ ਚਾਰ ਟੁਕੜੇ ਕਰਕੇ ਇਕ ਟੁਕੜੇ ਨੂੰ ਇਰਾਕ ਨਾਲ, ਦੂਸਰੇ ਨੂੰ ਇਰਾਨ ਨਾਲ, ਤੀਸਰੇ ਨੂੰ ਤੁਰਕੀ ਅਤੇ ਚੌਥੇ ਨੂੰ ਸੀਰੀਆ ਨਾਲ ਟੋਚਨ ਕਰ ਦਿਤਾ ਸੀ। ਉਸ ਸਮੇਂ ਤੋਂ ਹੀ ਇਹਨਾਂ ਦੇਸ਼ਾਂ ਦੀਆਂ ਸਰਕਾਰਾਂ ਕੁਰਦਾਂ ਦੀ ਵੱਖਰੀ ਪਹਿਚਾਣ ਨੂੰ ਖਤਮ ਕਰਕੇ ਆਪੋ ਆਪਣੇ ਦੇਸ਼ ਦੀ "ਮੁੱਖ ਧਾਰਾ" ਵਿਚ ਸ਼ਾਮਲ ਕਰ ਲੈਣ ਦੇ ਯਤਨਾਂ ਵਿਚ ਹਨ।

ਇਰਾਨ ਵਿਚ ਸੱਠ ਲੱਖ ਦੇ ਕਰੀਬ ਕੁਰਦ ਵਸਦੇ ਹਨ। ਕੁਰਦ ਕੌਮ ਦੀ ਕੁਲ ਵਸੋਂ 2 ਕਰੋੜ ਦੇ ਨੇੜੇ-ਤੇੜੇ ਹੈ। ਸ਼ਾਹ ਦੇ ਸਮੇਂ ਸਰਕਾਰੀ ਦਫਤਰਾਂ ਵਿਚ ਕੁਰਦਿਸ਼ ਬੋਲੀ ਬੋਲਣ ਜਾਂ ਕੁਰਦਿਸ਼ ਪਹਿਰਾਵਾ ਪਾ ਕੇ ਆਉਣ ਦੀ ਮਨਾਹੀ ਸੀ। ਸ਼ਾਹ ਨੇ ਕੁਰਦਿਸ਼ ਵਸੋ ਦਾ ਇਕ ਸੂਬਾ ਬਨਾਉਣ ਦੀ ਥਾਂ ਉਹਨਾਂ ਨੂੰ ਅਗਾਹ ਤਿੰਨ ਸੂਬਿਆਂ ਵਿਚ ਵੰਡਿਆ ਹੋਇਆ ਸੀ। ਖੁਮੈਨੀ

ਸਰਕਾਰ ਵੀ ਸ਼ਾਹ ਵਾਂਗ ਕੁਰਦ ਕੌਮ ਨੂੰ ਤਿੰਨ ਹਿੱਸਿਆਂ ਵਿਚ ਵੰਡ ਕੇ ਰੱਖ ਰਹੀ ਹੈ। ਸ਼ਾਹ ਨੂੰ ਉਲਟਾਉਣ ਵਿਚ ਇਰਾਨ ਅੰਦਰਲੇ ਕੁਰਦਾਂ ਦੀ ਕੌਮੀ ਮੁਕਤੀ ਲਹਿਰ ਨੇ ਵੀ ਮਹੱਤਵ ਪੂਰਨ ਰੋਲ ਅਦਾ ਕੀਤਾ ਸੀ ਅਤੇ ਕਈ ਇਲਾਕਿਆਂ ਨੂੰ ਮੁਕਤ ਕਰਵਾਕੇ ਉਥੇ ਇਨਕਲਾਬੀ ਸਰਕਾਰ ਵੀ ਸਥਾਪਤ ਕਰ ਦਿਤੀ ਸੀ। ਭਾਵੇਂ ਖੁਮੈਨੀ ਸਰਕਾਰ ਨੇ ਬਾਅਦ ਵਿਚ ਇਸ ਇਨਕਲਾਬੀ ਸਰਕਾਰ ਨੂੰ ਉਲਟਾ ਦਿਤਾ ਸੀ ਪਰ ਉਸਨੂੰ ਕੁਰਦਾਂ ਦੀ ਮੁਕਤੀ ਲਹਿਰ ਦੀ ਪੇਸ਼ਕਦਮੀ ਦਾ ਭੂਤ ਸਦਾ ਹੀ ਡਰਾਉਂਦਾ ਰਹਿੰਦਾ ਹੈ। ਉਸਨੂੰ ਡਰ ਹੈ ਕਿ ਕੁਰਦਾਂ ਦੀ ਕੌਮੀ ਮੁਕਤੀ ਲਹਿਰ ਦਾ ਵਿਕਾਸ ਇਰਾਨ ਅੰਦਰਲੀਆਂ ਹੋਰਨਾਂ ਦੱਬੀਆਂ ਕੁਚਲੀਆਂ ਕੌਮੀਅਤਾਂ (ਇਰਾਨ ਦੀ ਅੱਧੀ ਵਸੋਂ ਇਹਨਾਂ ਕੌਮੀਅਤਾਂ ਦੀ ਹੈ) ਨੂੰ ਮੁਕਤੀ ਦੇ ਰਾਹ ਪੈਣ ਲਈ ਉਤਸਾਹਤ ਕਰੇਗਾ। ਇਸ ਲਈ ਉਸਦੀ ਕੋਸ਼ਿਸ਼ ਹੁੰਦੀ ਹੈ ਕਿ ਕੁਰਦਾਂ ਨੂੰ ਪੂਰੀ ਬੇਕਿਰਕੀ ਨਾਲ ਦਬਾ ਕੇ ਰੱਖਿਆ ਜਾਵੇ।

ਕੁਰਦਾਂ ਦਾ ਸਭ ਤੋਂ ਵੱਡਾ ਹਿੱਸਾ ਤੁਰਕੀ ਅੰਦਰ ਵਸ ਰਿਹਾ ਹੈ। ਤੁਰਕੀ ਦੇ ਹਾਕਮਾਂ ਨੇ ਨਾ ਸਿਰਫ ਕੁਰਦਿਸ਼ ਭਾਸ਼ਾ ਦੀ ਪੜਾਈ 'ਤੇ ਹੀ ਪਾਬੰਦੀ ਲਾਈ ਹੋਈ ਹੈ ਸਗੋਂ ਕੁਰਦਿਸ਼ ਭਾਸ਼ਾ ਅਤੇ ਕੁਰਦਿਸ਼ ਸਭਿਆਚਾਰ ਦਾ ਜ਼ਿਕਰ ਕਰਨਾ ਵੀ ਗੈਰ ਕਾਨੂੰਨੀ ਕਰਾਰ ਦਿਤਾ ਹੋਇਆ ਹੈ। ਤੁਰਕੀ ਅੰਦਰ ਕੁਰਦ ਸ਼ਬਦ ਦੀ ਵਰਤੋਂ ਵੀ ਮਨ੍ਹਾਂ ਹੈ। ਸਰਕਾਰੀ ਹੁਕਮ ਹੈ ਕਿ ਕੁਰਦਾਂ ਨੂੰ "ਪਹਾੜੀ ਤੁਰਕ" ਕਿਹਾ ਜਾਵੇ।

ਇਰਾਕ ਤੋਂ ਭੱਜਕੇ ਆ ਰਹੇ ਕੁਰਦ ਰੀਫਿਊਜੀਆਂ ਪ੍ਰਤੀ ਵੀ ਤੁਰਕ ਹਕੂਮਤ ਦਾ ਵਿਹਾਰ ਠੀਕ ਨਹੀਂ। ਉਹ ਇਹਨਾ ਕੁਰਦ ਰੀਫਿਊਜੀਆ ਨੂੰ ਖਤਰਨਾਕ ਸੰਭਾਵੀ ਦੁਸ਼ਮਣ ਸਮਝ ਰਹੀ ਹੈ। ਸਰਹੱਦ ਅੰਦਰ ਦਾਖਲ ਹੁੰਦਿਆਂ ਹੀ ਉਹਨਾਂ ਦੇ ਹਥਿਆਰ ਰਖਾ ਲਏ ਜਾਂਦੇ ਹਨ ਅਤੇ ਉਹਨਾਂ 'ਤੇ ਕਰੜੀ ਨਿਗਾਹ ਰੱਖੀ ਜਾਂਦੀ ਹੈ। ਉਹਨਾਂ ਦੇ ਰਹਿਣ ਅਤੇ ਖਾਣ-ਪੀਣ ਦਾ ਕੋਈ ਪ੍ਰਬੰਧ ਨਹੀਂ ਕੀਤਾ ਜਾ ਰਿਹਾ। ਹਜਾਰਾਂ ਹੀ ਕੁਰਦਾਂ ਨੂੰ ਦਰਖਤਾਂ ਅਤੇ ਝਾੜੀਆਂ ਹੇਠਾਂ ਸਿਰ ਲੁਕਾ ਕੇ ਠੰਡੀਆਂ ਰਾਤਾਂ ਕੱਟਣੀਆਂ ਪੈ ਰਹੀਆਂ ਹਨ। ਖਾਣ ਲਈ ਭੋਜਨ ਨਾ ਹੋਣ ਕਰਕੇ ਉਹਨਾ ਖੋਤਿਆਂ ਅਤੇ ਖੱਚਰਾ ਨੂੰ ਕਤਲ ਕਰਕੇ ਗੁਜਾਰਾ ਕਰਨਾ ਪੈ ਰਿਹਾ ਹੈ ਜਿਨਾਂ ਉਪਰ ਚੜ ਕੇ ਉਹ ਪਹਾੜੀ ਪੰਧ ਤਹਿ ਕਰਕੇ ਤੁਰਕੀ ਪਹੁੰਚੇ ਹਨ। ਕੁਝ ਕੁ ਦਿਨਾਂ ਤਕ ਸਰਦੀਆਂ ਦੀ ਪਹਿਲੀ ਬਰਫ ਪੈਣੀ ਸ਼ੁਰੂ ਹੋ ਜਾਵੇਗੀ।

ਇਸ ਸਾਰੇ ਕੁਝ ਦੇ ਬਾਵਜੂਦ ਤੁਰਕੀ ਸਰਕਾਰ ਰੈਡ ਕਰਾਸ ਨੂੰ ਕੁਰਦ ਰੀਫਿਊਜੀਆਂ ਦੀ ਮਦਦ ਕਰਨ ਦੀ ਇਜਾਜ਼ਤ ਨਹੀਂ ਦੇ ਰਹੀ। ਉਸਨੇ ਤੁਰਕੀ ਅੰਦਰਲੇ ਕੁਰਦਾਂ ਵਲੋਂ ਰੀਫਿਊਜੀ ਕੁਰਦਾਂ ਨਾਲ ਕਿਸੇ ਵੀ ਕਿਸਮ ਦਾ ਤਾਲਮੇਲ ਰੱਖਣ 'ਤੇ ਸਖਤ ਪਾਬੰਦੀ ਲਾਈ ਹੋਈ ਹੈ। ਤੁਰਕੀ ਅੰਦਰਲੇ ਹਜਾਰਾਂ ਹੀ ਕੁਰਦਾਂ ਨੇ ਸਰਕਾਰ ਤੋਂ ਆਗਿਆ ਮੰਗੀ ਹੈ ਕਿ ਉਹਨਾ ਨੂੰ ਇਰਾਕ ਤੋਂ ਆ ਰਹੇ ਉਹਨਾਂ ਦੇ ਰਿਸ਼ਤੇਦਾਰਾਂ ਦੀ ਦੇਖ-ਭਾਲ ਕਰਨ ਦੀ ਖੁੱਲ ਦਿਤੀ ਜਾਵੇ ਪਰ ਸਰਕਾਰ ਨੇ ਅਜਿਹੀ ਆਗਿਆ ਦੇਣ ਤੋਂ ਸਪਸ਼ਟ ਇਨਕਾਰ ਕਰ ਦਿਤਾ ਹੈ। ਸਰਕਾਰ ਕਹਿ ਰਹੀ ਹੈ ਕਿ ਉਸਨੇ ਰੀਫਿਊਜੀਆਂ ਨੂੰ ਅਸਥਾਈ ਤੌਰ 'ਤੇ ਤੁਰਕੀ ਵਿਚ ਰਹਿਣ ਦੀ ਆਗਿਆ ਦਿਤੀ ਹੈ ਅਤੇ ਸਰਦੀਆਂ ਲੰਘਣ ਤੋਂ ਬਾਅਦ ਉਹਨਾਂ ਨੂੰ ਤੁਰਕੀ 'ਚੋਂ ਬਾਹਰ ਕੱਢ ਦਿਤਾ ਜਾਵੇਗਾ। ਤੁਰਕੀ ਦੇ ਗ੍ਰਹਿ ਮੰਤਰੀ ਨੇ ਧਮਕੀ ਦਿਤੀ ਹੈ ਕਿ ਜੇ ਕਿਸੇ ਕੁਰਦ ਰੀਫਿਊਜੀ ਨੇ ਤੁਰਕੀ ਅੰਦਰਲੇ ਕੁਰਦ ਬਾਗੀ ਨਾਲ ਸਬੰਧ ਬਨਾਉਣ ਦੀ ਕੋਸ਼ਿਸ਼ ਕੀਤੀ ਤਾ ਉਸਨੂੰ ਸਖਤ ਸਜਾ ਦਿਤੀ ਜਾਵੇਗੀ।

ਤੁਰਕੀ ਦੇ ਹਾਕਮ ਸਮਝਦੇ ਹਨ ਕਿ ਇਰਾਕ ਤੋਂ ਆ ਰਹੇ ਕੁਰਦ ਰੀਫਿਊਜੀਆ ਨੂੰ ਇਨਕਲਾਬੀ ਵਿਚਾਰਾ ਦੀ ਲਾਗ ਲੱਗੀ ਹੋਈ ਹੈ। ਜੇ ਉਹਨਾਂ ਨੂੰ ਤੁਰਕੀ ਅੰਦਰਲੇ ਕੁਰਦਾਂ ਨੂੰ ਮਿਲਣ ਦੀ ਖੁਲ੍ਹ ਦੇ ਦਿਤੀ ਗਈ ਤਾਂ ਤੁਰਕੀ ਦੀ ਸਰਕਾਰ ਲਈ ਵੱਡੀ ਸਮੱਸਿਆ ਪੈਦਾ ਹੋ ਜਾਵੇਗੀ। ਭਿਆਨਕ ਕੌਮੀ ਦਾਬੇ ਅਤੇ ਲੁਤ-ਖਸੁੱਟ ਦਾ ਸ਼ਿਕਾਰ ਹੋਣ ਕਰਕੇ ਤੁਰਕੀ ਅੰਦਰਲੇ ਕੁਰਦ ਬਰੂਦ ਦੇ ਸਮਾਨ ਹਨ। ਉਹਨਾਂ ਲਈ ਕੁਰਦ ਰੀਫਿਊਜੀਆਂ ਦੇ ਇਨਕਲਾਬੀ ਵਿਚਾਰ ਪਲੀਤਿਆਂ ਦਾ ਕੰਮ ਦੇ ਸਕਦੇ ਹਨ। ਪਰ ਕੀ ਉਹ ਤੁਰਕੀ ਅੰਦਰਲੇ ਕੁਰਦਾਂ ਨੂੰ ਇਨਕਲਾਬੀ ਵਿਚਾਰਾਂ ਦੀ ਲਾਗ ਲੱਗਣ ਨੂੰ ਸਦਾ ਲਈ ਰੋਕ ਸਕਦੇ ਹਨ? ਨਹੀਂ, ਕਿਸੇ ਵੀ ਤਰਾਂ ਨਹੀਂ।

(ਬਾਕੀ ਸਫਾ 13 ਦੀ)

ਹਲਫਨਾਮਾ ਤਿਆਰ ਨਹੀਂ ਹੋ ਰਿਹਾ, ਇਸ ਕਰਕੇ ਚੋਣਾ ਅੱਗੇ ਪਾਉਣੀਆਂ ਪਈਆਂ ਹਨ। ਪਰ ਇਹ ਸਰਾਸਰ ਝੂਠ ਹੈ। ਜਦੋਂ ਹਲਫਨਾਮੇ ਦੇ ਸਾਰ ਤੱਤ ਬਾਰੇ ਫੈਸਲਾ ਹੋ ਚੁੱਕਾ ਹੈ ਅਤੇ ਇਸ ਨੂੰ ਪਰੈਸ ਵਿਚ ਵੀ ਰਲੀਜ਼ ਕੀਤਾ ਜਾ ਚੁੱਕਾ ਹੈ ਤਾਂ ਇਸਦਾ ਡਰਾਫਟ ਤਿਆਰ ਕਰਨ ਅਤੇ ਉਸਨੂੰ ਅੰਤਮ ਰੂਪ ਦੇਣ ਵਿਚ ਭਲਾ ਕੀ ਮੁਸ਼ਕਲ ਹੋ ਸਕਦੀ ਹੈ? ਅਸਲ ਗਲ ਇਹ ਹੈ ਕਿ ਹਾਕਮਾਂ ਨੂੰ ਇਸ ਗੱਲ 'ਤੇ ਹੀ ਸ਼ੱਕ ਖੜਾ ਹੋ ਗਿਆ ਹੈ ਕਿ ਉਹ ਆਪਣੇ ਤਹਿ ਕੀਤੇ ਉਦੇਸ਼ਾਂ ਨੂੰ ਹਾਸਲ ਵੀ ਕਰ ਸਕਣਗੇ ਜਾਂ ਨਹੀਂ?

ਹਾਕਮ ਨੇੜ-ਭਵਿੱਖ ਵਿਚ ਚੋਣਾਂ ਕਰਵਾਉਂਦੇ ਹਨ ਜਾਂ ਇਹਨਾਂ ਨੂੰ ਅਣਮਿਥੇ ਸਮੇਂ ਲਈ ਅੱਗੇ ਪਾ ਦਿੰਦੇ ਹਨ, ਦੋਹਾਂ ਹੀ ਹਾਲਤਾਂ ਅੰਦਰ ਇਨਕਲਾਬੀਆਂ ਅਤੇ ਦੂਸਰੀਆਂ ਕੇਂਦਰ ਵਿਰੋਧੀ ਤਾਕਤਾਂ ਦਾ ਫਰਜ ਬਨਦਾ ਹੈ ਕਿ ਉਹ ਹਾਕਮਾਂ ਦੇ ਪੰਚਾਇਤ ਚੋਣਾਂ ਪਿਛੇ ਛੁਪੇ ਦੁਸ਼ਟ ਮਨਸੂਬਿਆਂ ਦਾ ਜੋਰਦਾਰ ਪਰਦਾਚਾਕ ਕਰਨ ਅਤੇ ਕੋਈ ਵੀ ਅਜਿਹਾ ਪੈਂਤੜਾ ਲੈਣ ਤੋਂ ਗੁਰੇਜ ਕਰਨ ਜੋ ਉਹਨਾਂ ਦੇ ਜਾਲ ਵਿਚ ਫਸਣ ਜਾਂ ਪਰਦਾਚਾਕ ਮੁਹਿੰਮ ਨੂੰ ਕਮਜੋਰ ਕਰਨ ਦਾ ਕਾਰਨ ਬਣੇ। ਚੋਣਾਂ ਨੂੰ ਅਗਾਂਹ-ਪਾਉਣ ਦੀ ਮੰਗ ਪਿਛੇ ਛੁਪੀ ਹੋਈ ਸਿਆਸਤ ਨੂੰ ਵੀ ਨੰਗਾ ਕੀਤਾ ਜਾਣਾ ਚਾਹੀਦਾ ਹੈ।

# ਪੰਚਾਇਤ ਚੋਣਾਂ 'ਚ ਹਾਕਮਾਂ ਦੇ ਅਸਲੀ ਮਨਸੂਬੇ ਪਛਾਣੋ ਹਲਫਨਾਮੇ ਦਾ ਡੱਟਵਾਂ ਵਿਰੋਧ ਕਰੋ ।

ਮਹੀਨਾ ਕੁ ਪਹਿਲਾਂ ਸਰਕਾਰ ਨੇ ਐਲਾਨ, ਕੀਤਾ ਸੀ ਕਿ ਜਨਵਰੀ ਮਹੀਨੇ ਦੇ ਅੰਦਰ ਅੰਦਰ ਪੰਚਾਇਤੀ ਚੋਣਾਂ ਕਰਵਾ ਦਿਤੀਆਂ ਜਾਣਗੀਆਂ ਅਤੇ ਨਵੀਆਂ ਚੁਣੀਆਂ ਪੰਚਾ-ਇਤਾਂ ਨੂੰ ਕੁਝ ਵੱਧ ਅਧਿਕਾਰ ਵੀ ਦਿਤੇ ਜਾਣਗੇ । ਪੰਚਾਇਤੀ ਚੋਣਾਂ ਕਰਾਉਣ ਪਿਛੇ ਸਰਕਾਰ ਦਾ ਮਕਸਦ ਪਿੰਡਾਂ ਵਿਚ ਧੜੇਬੰਦੀਆ ਵਧਾਉਣ, ਪੰਚੀਆ-ਸਰਪੰਚੀਆਂ ਨਾਲ ਲਲਚਾਏ ਪੇਂਡੂ ਚੌਧਰੀਆਂ ਕੋਲੋਂ "ਦੇਸ ਦੀ ਏਕਤਾ ਤੇ ਅਖੰਡਤਾ ਦੀ ਰਾਖੀ ਅਤੇ ਸਿੱਖ ਖਾੜਕੂਆਂ ਵਿਰੁੱਧ ਡਟਣ" ਦੇ ਹਲਫਨਾਮੇ ਭਰਵਾਉਣ, ਇਹਨਾਂ ਚੌਧਰੀਆਂ ਦੇ ਇਕ ਹਿੱਸੇ ਅਤੇ ਸਿੱਖ ਖਾੜਕੂਆਂ ਨੂੰ ਆਪਸ ਵਿਚ ਭਿੜਾਉਣ, ਚੁਣੇ ਜਾਣ ਦੀ ਹਾਲਤ ਅੰਦਰ ਪੰਚਾਂ, ਸਰਪੰਚਾਂ ਨੂੰ ਪੁਲਸ ਟਾਊਟਾਂ ਵਜੋਂ ਵਰਤਣ ਅਤੇ ਅਜਿਹਾ ਕਰਨ ਤੋਂ ਇਨਕਾਰ ਕਰਨ ਵਾਲਿਆਂ 'ਤੇ ਹਲਫਨਾਮੇ ਦੀ ਉਲੰਘਣਾ ਕਰਨ ਦਾ ਦੋਸ਼ ਲਾਕੇ ਸਰਪੰਚੀ ਖੋਹੇ ਜਾਣ ਦੇ ਡਰ ਦੀ ਤਲਵਾਰ ਲਟਕਾਈ ਰੱਖਣਾ ਹੈ । ਇਸ ਤੋਂ ਇਲਾਵਾ ਸਰਕਾਰ ਹਲਫਨਾਮੇ ਨੂੰ ਅਧਾਰ ਬਣਾਕੇ ਚੋਣਾ ਨੂੰ ਪੰਜਾਬੀ ਕਿਸਾਨੀ ਦਾ "ਦੇਸ਼ ਦੀ ਏਕਤਾ ਤੇ ਅਖੰਡਤਾ" ਦੇ ਹੱਕ ਅਤੇ ਵੱਖਵਾਦ ਦੇ ਵਿਰੁੱਧ ਫਤਵੇ ਵਜੋਂ ਪ੍ਰਚਾਰਨ ਅਤੇ . ਇਸ ਤਰਾਂ "ਪੰਜਾਬ ਸਮੱਸਿਆ" ਨੂੰ ਹੱਲ ਕਰ ਲੈਣ ਦਾ ਦਾਅਵਾ ਕਰਕੇ ਆਉਣ ਵਾਲੀਆਂ ਪਾਰਲੀਮਾਨੀ ਚੋਣਾ ਵਿਚ ਇਕ ਸਿਆਸੀ ਹਥਿਆਰ ਵਜੋਂ ਵੀ ਵਰਤਣਾ ਚਾਹੁੰਦੀ ਸੀ ।

ਲੋਕਾਂ ਖਿਲਾਫ ਕਿਸੇ ਸਾਜਸ਼ ਨੂੰ ਸਿਰੇ ਚਾੜਣ ਲਈ ਲੋਕਾਂ ਦੇ ਇਕ ਹਿੱਸੇ ਅੰਦਰ ਕੁਝ ਨਾ ਕੁਝ ਸਮਾਜੀ ਅਧਾਰ ਹੋਣਾ ਜਰੂਰੀ ਹੁੰਦਾ ਹੈ । ਪਰ ਮੌਜੂਦਾ ਸਰਕਾਰ ਅਜਿਹੇ ਅਧਾਰ ਤੋਂ ਵਿਰਵੀ ਹੈ । ਅਜਿਹੀ ਹਾਲਤ ਵਿਚ ਮੌਜੂਦਾ ਸਾਜਸ਼ ਨੂੰ ਸਿਰੇ ਚਾੜਣ ਲਈ ਸਰਕਾਰ ਕੋਲ ਦੋ ਹੀ ਸੰਦ ਬਚਦੇ ਹਨ ।ਇਕ ਹੈ ਸਿਆਸੀ ਪਾਰਲੀਮਾਨੀ ਪਾਰਟੀਆਂ ਅਤੇ ਦੂਸਰਾ ਅਰਧ ਸੈਨਿਕ ਦਲ ।

ਜਿਥੋਂ ਤਕ ਪਾਰਲੀਮਾਨੀ ਸਿਆਸੀ ਪਾਰਟੀਆਂ ਦਾ ਸਬੰਧ ਹੈ, ਉਹਨਾਂ ਦੀਆਂ ਚੀਕਾਂ ਸਾਫ ਸੁਣਾਈ ਦੇ ਰਹੀਆਂ ਹਨ । ਚੋਣ ਅਖਾੜੇ ਦੀਆਂ ਮਾਹਿਰ ਹੋਣ ਦੇ ਬਾਵਜੂਦ ਕੋਈ ਵੀ ਪਾਰਟੀ ਮੌਜੂਦਾ ਚੋਣਾਂ ਦਾ ਸਾਹਮਣਾ ਕਰਨ ਦੀ ਹਿੰਮਤ ਨਹੀਂ ਕਰ ਰਹੀ । ਕਾਂਗਰਸ, ਲੌਂਗੋਵਾਲ ਅਕਾਲੀ ਦਲ, ਸੀ.ਪੀ.ਆਈ, ਸੀ.ਪੀ.ਐਮ ਆਦਿ ਪਾਰਟੀਆਂ ਇਕ ਦੂਜੀ ਤੋਂ ਅੱਗੇ ਵਧ ਕੇ ਚੋਣਾ ਅਗਾਹ ਪਾਉਣ ਦੀ ਮੰਗ ਕਰ ਰਹੀਆਂ ਹਨ । ਕਾਰਨ ਇਹ ਨਹੀਂ ਕਿ ਉਹਨਾਂ ਨੂੰ ਹਲਫਨਾਮਾ ਪਸੰਦ ਨਹੀਂ ਜਾਂ ਉਹ ਪੰਚਾਇਤੀ ਚੋਣਾ ਨੂੰ ਆਪਣੇ ਸਿਆਸੀ ਹਿੱਤਾਂ ਨੂੰ ਵਧਾਉਣ ਦਾ ਸੰਦ ਨਹੀਂ ਸਮਝਦੀਆਂ । ਸਰਕਾਰੀ ਦਹਿ-ਸ਼ਤਗਰਦੀ ਵਿਚ ਹੱਥ ਵਟਾਉਣ ਕਰਕੇ ਅਤੇ ਪੰਜਾਬ ਵਿਰੋਧੀ ਪੁਜੀਸ਼ਨਾਂ ਲੈਣ ਕਰਕੇ ਉਹ ਲੋਕਾਂ ਦੇ ਨੱਕੋਂ ਮੂੰਹੋਂ ਲਹਿ ਚੁੱਕੀਆਂ ਹਨ । ਉਹਨਾਂ ਨੂੰ ਵਿਸਵਾਸ਼ ਨਹੀਂ ਬੱਝ ਰਿਹਾ ਕਿ ਚੋਣਾਂ ਵਿਚ ਉਹਨਾ ਨਾਲ ਕੀ ਬੀਤੇਗੀ । ਇਸ ਲਈ ਉਹ ਮੰਗ ਕਰ ਰਹੀਆਂ ਹਨ ਕਿ ਚੋਣਾਂ ਕਰਵਾਉਣ ਤੋਂ ਪਹਿਲਾ ਚੋਣਾਂ ਲਈ ਸਾਜਗਾਰ ਮਾਹੌਲ ਤਿਆਰ ਕੀਤਾ ਜਾਵੇ । "ਚੋਣਾਂ ਲਈ ਸਾਜਗਾਰ ਮਾਹੌਲ" ਤੋਂ ਉਹਨਾਂ ਦਾ ਅਰਥ ਇਹ ਨਹੀਂ ਕਿ ਪੰਜਾਬੀ ਲੋਕਾਂ ਦੀਆਂ ਭਖਵੀਆਂ ਮੰਗਾਂ ਨੂੰ ਸਵੀਕਾਰ ਕਰਕੇ ਉਹਨਾਂ ਦੀ ਬੇਚੈਨੀ ਦੂਰ ਕੀਤੀ ਜਾਵੇ । ਉਹ ਤਾਂ ਸਰਕਾਰੀ ਜਬਰ ਦੇ ਕੁਹਾੜੇ ਨੂੰ ਹੋਰ ਤੇਜ ਕਰਨ ਦੀ ਮੰਗ ਕਰ ਰਹੀਆਂ ਹਨ ਤਾਂ ਕਿ ਇਕ ਤਾਂ ਸਿੱਖ ਖਾੜਕੂਆਂ ਦਾ ਮੁਕੰਮਲ ਤੌਰ 'ਤੇ ਸਫਾਇਆ ਕੀਤਾ ਜਾ ਸਕੇ ਅਤੇ ਦੂਜਾ ਇਹਨਾਂ ਪਾਰਟੀਆਂ ਦੇ ਵਿਰੋਧੀਆਂ ਵਿਚੋਂ ਕੁਝ ਨੂੰ ਜੇਲਾਂ ਅੰਦਰ ਸੁੱਟਕੇ ਅਤੇ ਬਾਕੀਆਂ ਅੰਦਰ ਦਹਿਸ਼ਤ ਪਾਕੇ ਗੈਰ ਸਰਗਰਮ ਕੀਤਾ ਜਾ ਸਕੇ ਅਤੇ ਇਸ ਤਰ੍ਹਾਂ ਅਜਿਹਾ ਮਾਹੌਲ ਤਿਆਰ ਕੀਤਾ ਜਾ ਸਕੇ ਜਿਸ ਵਿਚ ਉਹਨਾਂ ਦੀ ਪੰਜਾਬ ਦੁਸਮਣ ਸਿਆਸਤ ਨਾਲ ਲੈਸ ਉਮੀਦਵਾਰ ਵੱਡੀ ਪੱਧਰ 'ਤੇ ਜਿੱਤ ਸਕਣ ।

ਇਹਨਾਂ ਪਾਰਟੀਆਂ ਦੀ ਨਰਾਜਗੀ ਅਤੇ ਵਿਰੋਧ ਨੂੰ ਖੱਟਕੇ ਹਾਕਮਾਂ ਲਈ ਚੋਣਾ ਕਰਵਾਉਣੀਆ ਕਾਫੀ ਮੁਸ਼ਕਲ ਹੋ ਰਹੀਆਂ ਹਨ । ਇਸ ਲਈ ਵਧ ਸੰਭਾਵਨਾ ਇਸ ਗੱਲ ਦੀ ਬਣਦੀ ਹੈ ਕਿ ਚੋਣਾਂ ਨੂੰ ਇਕ ਵਾਰ ਅਗਾਹ ਪਾਕੇ ਅਤੇ ਜਬਰ ਦਾ ਇਕ ਹੋਰ ਦੌਰ ਚਲਾਕੇ ਅਜਿਹੀਆਂ ਹਾਲਤਾਂ ਪੈਦਾ ਕੀਤੀਆਂ ਜਾਣ ਜਿਹਨਾਂ ਨੂੰ ਇਹ ਪੰਜਾਬ ਦੁਸ਼ਮਣ ਪਾਰਟੀਆ "ਚੋਣਾਂ ਲਈ ਸਾਜਗਾਰ ਹਾਲਤਾਂ" ਦਾ ਨਾਂਅ ਦੇਂਦੀਆਂ ਹਨ। ਇਸ ਤੋਂ ਇਲਾਵਾ ਹਾਕਮਾ ਨੂੰ ਚੋਣਾਂ ਕਰਵਾਉਣ ਲਈ ਲੋੜੀਂਦੀ ਪੁਲਸ ਅਤੇ ਸੀ.ਆਰ.ਪੀ. ਤੇ ਬੀ.ਐਸ.ਐਫ. ਵਰਗੇ ਅਰਧ-ਸੈਨਿਕ ਦਲਾਂ ਦੀ ਵੀ ਕਾਫੀ ਘਾਟ ਮਹਿਸੂਸ ਹੋ ਰਹੀ ਹੈ । ਜਨਵਰੀ ਮਹੀਨੇ ਵਿਚ ਤਾ ਉਹਨਾ ਨੂੰ ਕਿਸੇ ਵੀ ਹਾਲਤ ਵਿਚ ਲੋੜੀਂਦੇ ਅਰਧ-ਸੈਨਿਕ ਦਲ ਨਹੀਂ ਮਿਲਣ ਲੱਗੇ । ਇਸੇ ਮਹੀਨੇ ਉਹਨਾਂ ਨੂੰ ਤਾਮਲਨਾਡੂ, ਨਾਗਾਲੈਂਡ ਅਤੇ ਮੀਜੋਰਮ ਦੀਆਂ ਵਿਧਾਨ ਸਭਾਵਾ ਦੀਆਂ ਚੋਣਾ ਵੀ ਕਰਵਾਉਣੀਆਂ ਪੈਣੀਆਂ ਹਨ । ਸੋ ਉਹਨਾਂ ਨੇ ਜਨਵਰੀ ਮਹੀਨੇ ਵਿਚ ਚੋਣਾ ਕਰਵਾਉਣ ਦਾ ਪ੍ਰੋਗਰਾਮ ਤਾਂ ਅੱਗੇ ਪਾ ਦਿਤਾ ਹੈ ਪਰ ਨਵੀਂ ਤਰੀਕ ਕਈ ਨਹੀਂ, ਦਿਤੀ । ਇਸ ਦਾ ਕਾਰਨ ਉਹ ਨਹੀਂ ਜੋ ਹਾਕਮਾਂ ਨੇ ਦਸਿਆ ਹੈ । ਹਾਕਮਾਂ ਮੁਤਾਬਕ ਉਹਨਾਂ ਕੋਲੋਂ

(ਬਾਕੀ ਸਫਾ 12 ਤੇ)

# ਕੇਰਲਾ ਅੰਦਰ ਨਕਸਲੀ ਉਭਾਰ ਕੌਮੀ ਮੁਕਤੀ ਲਹਿਰ ਜ਼ੋਰ ਫੜਨ ਲੱਗੀ

(ਬੰਬਈ ਅਤੇ ਦਿੱਲੀ ਤੋਂ ਅੰਗਰੇਜ਼ੀ ਵਿੱਚ ਵੱਡੀ ਗਿਣਤੀ ਵਿੱਚ ਛਪਦੇ ਇਕ ਹਫਤਾਵਾਰ ਅਖਬਾਰ "ਸੰਡੇ ਮਿੱਡ ਡੇ" ਵਿੱਚ ਕੇਰਲਾ ਅੰਦਰ ਨਕਸਲੀਆਂ ਦੇ ਇੱਕ ਗਰੁੱਪ ਦੀ ਅਗਵਾਈ 'ਚ ਜ਼ੋਰ ਫੜਦੇ ਜਾ ਰਹੇ ਕੇਰਲਾ ਦੀ ਮੁਕਤੀ ਦੇ ਦੇ ਸੰਘਰਸ਼ ਬਾਰੇ ਇੱਕ ਵਿਸਥਾਰਤ ਰਿਪੋਰਟ ਛਪੀ ਹੈ। ਹੇਠਾਂ ਅਸੀਂ ਇਸਦਾ ਸੰਖੇਪ ਅਨੁਵਾਦ ਛਾਪ ਰਹੇ ਹਾਂ। -ਸੰਪਾਦਕ)

ਕੇਰਲਾ ਅੰਦਰ ਸੀ. ਆਰ. ਸੀ, ਸੀ. ਪੀ. ਆਈ. (ਐਮ. ਐਲ.) ਨਾਂਅ ਦੇ ਇਕ ਨਕਸਲਵਾਦੀ ਗਰੁੱਪ ਦੀ ਅਗਵਾਈ ਹੇਠ ਮੁਕਤੀ ਲਹਿਰ ਤੇਜ਼ੀ ਫੜਦੀ ਜਾ ਰਹੀ ਹੈ। ਇਸ ਗਰੁੱਪ ਵਲੋਂ ਜਨਤਾ ਅੰਦਰ ਚੇਤਨਾ ਫੈਲਾਉਣ ਲਈ ਚਲਾਈ ਜਾ ਰਹੀ ਜਨਤਕ ਮੁਹਿੰਮ ਨੂੰ ਲੋਕਾਂ ਵਲੋਂ ਜਿਡੀ ਵੱਡੀ ਪੱਧਰ 'ਤੇ ਹੁੰਗਾਰਾ ਮਿਲ ਰਿਹਾ ਹੈ ਉਸਦੀ ਨਕਸਲਵਾਦੀ ਲਹਿਰ ਦੇ ਇਤਿਹਾਸ ਵਿਚੋਂ ਕੋਈ ਮਿਸਾਲ ਨਹੀ ਮਿਲਦੀ।

ਨਕਸਲਵਾਦੀ ਗਰੁੱਪ ਨੇ ਕੇਰਲਾ ਦੇ ਆਰਥਕ ਅਤੇ ਸਨਅਤੀ ਪਛੜੇਪਣ ਦੇ ਹਨੇਰੇ ਪਿਛੋਕੜ ਦੇ ਸੰਦਰਭ ਵਿਚ ਲਹਿਰ ਖੜੀ ਕਰਨ ਦਾ ਫੈਸਲਾ ਕੀਤਾ। ਹੈਆਪਣੇ ਇਹ ਜਨਤਕ ਪ੍ਰੋਗਰਾਮਾਂ ਵਿਚ ਲਗਾਤਾਰ ਇਸ ਸਵਾਲ ਨੂੰ ਉਠਾ ਰਿਹਾ ਹੈ। ਫੌਰੀ ਪਦਾਰਥਕ ਲੋੜਾਂ ਦੇ ਸ਼ਬੰਧ ਵਿਚ ਕੌਮੀ ਸਵਾਲ ਨੂੰ ਉਠਾਣ ਨਾਲ ਲਹਿਰ ਨੇ ਵੱਡੀ ਸਿਆਸੀ ਮਹੱਤਤਾ ਅਖਤਿਆਰ ਕਰ ਲਈ ਹੈ।

ਕੇਰਲਾ ਦਾ ਪਛੜੇਵਾਂ ਇਕ ਜਾਣਿਆਂ-ਪਹਿਚਾਣਿਆਂ ਤੱਥ ਬਣ ਚੁੱਕਾ ਹੈ। 1983-84 ਵਿਚ ਇਸਦੀ ਫੀ ਜੀਅ ਆਮਦਨ ਕੁਲ-ਹਿੰਦ ਔਸਤ ਦਾ 70 ਫੀ ਸਦੀ ਸੀ। ਪੜ੍ਹੇ-ਲਿਖੇ ਬੇਰੁਜਗਾਰ ਦੀ ਥਾਂ ਗਿਣਤੀ 1975 ਵਿਚ ਸੱਤ ਲੱਖ ਤੋਂ ਵਧਕੇ 1984 ਵਿਚ 24 ਲੱਖ ਹੋ ਗਈ। ਹੁਣ ਤੱਕ ਇਹ 30 ਲੱਖ ਦੇ ਨੇੜੇ ਤੇੜੇ ਪਹੁਚ ਚੁੱਕੀ ਹੈ। ਨਕਸਲਵਾਦੀ ਗਰੁੱਪ ਦੇ ਇਕ ਆਗੂ ਨੇ ਦੱਸਿਆ ਹੈ "ਨਾਇਨਾਰ ਹਕੂਮਤ 10 ਲੱਖ ਲੋਕਾਂ ਨੂੰ ਰੁਜਗਾਰ ਦੇਣ ਦਾ ਵਾਅਦਾ ਕਰਕੇ ਤਾਕਤ ਵਿਚ ਆਈ ਸੀ। ਹੁਣ ਕਾਂਗਰਸ ਇਸ ਵਾਅਦੇ ਨੂੰ ਪੂਰਾ ਕਰਨ ਲਈ ਕਹਿ ਰਹੀ ਹੈ। ਪਰ ਸਭ ਜਾਣਦੇ ਹਨ ਕਿ ਇਹ ਵਾਅਦਾ ਪੂਰਾ ਨਹੀਂ ਹੋਣ ਲੱਗਾ,ਕਿਉਂ ਕਿ ਬੇਰੁਜਗਾਰੀ ਦੇ ਕਾਰਨਕਿਤੇ ਹੋਰ ਹਨ।" ਬੇਰੁਜਗਾਰੀ ਕਾਰਨ ਕੇਰਲਾ ਦੇ ਲੋਕ ਰੁਜਗਾਰ ਦੀ ਭਾਲ ਵਿਚ ਦੂਜਿਆਂ ਸੂਬਿਆਂ ਜਾਂ ਬਾਹਰੀ ਦੇਸ਼ਾਂ ਨੂੰ ਜਾਂਦੇ ਰਹੇ ਹਨ। ਪਰ ਗਰੁੱਪ ਦੇ ਆਗੂ ਕੇ: ਵੇਨੂ ਦਾ ਕਹਿਣਾ ਹੈ" ਖਾੜੀ ਦੇ ਦੇਸ਼ਾਂ ਅੰਦਰ ਮੰਦਾ ਆਉਣ ਅਤੇ ਸ਼ਿਵ ਸੈਨਾ ਵਰਗੀਆਂ ਸ਼ਾਵਨਵਾਦੀ ਤਾਕਤਾਂ ਵੱਲੋਂ ਦੂਸਰੇ ਸੂਬਿਆਂ ਦੇ ਲੋਕਾਂ ਲਈ ਨੌਕਰੀਆਂ 'ਤੇ ਪਾਬੰਦੀਆਂ ਲਾਉਣ ਲਈ ਜ਼ੋਰ ਪਾਉਣ ਨਾਲ ਮਲਿਆਲੀ ਨੌਜਵਾਨਾਂ ਲਈ ਰੁਜਗਾਰ ਦਾ ਇਹ ਰਾਹ ਬੰਦ ਹੁੰਦਾ ਜਾ ਰਿਹਾ ਹੈ"।

ਵੇਨੂ ਅਤੇ ਉਸਦੇ ਗਰੁੱਪ ਅਨੁਸਾਰ ਇਸ ਸਾਰੇ ਕੁਝ ਦਾ ਕਾਰਨ ਭਾਰਤ ਅੰਦਰ ਸਰਗਰਮ ਨਵ-ਬਸਤੀਆਨਾ ਤਾਕਤਾਂ ਹਨ। ਵੇਨੂੰ ਅਨੁਸਾਰ "ਕਿਉਂਕਿ ਇਹ ਤਾਕਤਾਂ ਕੇਂਦਰੀ ਹਕੂਮਤ 'ਤੇ ਛਾਈਆਂ ਹੋਈਆਂ ਹਨ ਇਸ ਲਈ ਕੇਰਲਾ, ਅਤੇ ਦੂਸਰੇ ਰਾਜਾਂ ਲਈ ਵੀ, ਆਪਾ-ਨਿਰਣੇ ਅਤੇ ਵਖ ਹੋਣ ਦੇ ਹੱਕ ਲਈ ਜਦੋਜਹਿਦ ਕਰਨ ਦਾ ਇਕੋ ਇਕ ਰਾਹ ਬਾਕੀ ਰਹਿ ਗਿਆ ਹੈ" ਉਹ ਦਸਦਾ ਹੈ "ਸਵਾਲ ਸਿਰਫ ਨੌਕਰੀਆਂ ਦਾ ਹੀ ਨਹੀਂ, ਸਨਅਤੀ ਅਤੇ ਜਰਈ ਭਵਿੱਖ ਦੀ ਹਾਲਤ ਵੀ ਬਹੁਤ ਡਰਾਉਣੀ ਹੈ" ਆਪਣੇ ਇਸ ਕਥਨ ਦੀ ਪੁਸ਼ਟੀ ਲਈ ਉਹ ਬੜੇ ਜਚਵੇਂ ਅੰਕੜੇ ਪੇਸ਼ ਕਰਦਾ ਹੈ। ਉਸਦੇ ਦੱਸਣ ਮੁਤਾਬਕ 1930 ਵਿਆਂ ਵਿਚ ਕੇਰਲਾ ਅਨਾਜ ਦੇ ਮਾਮਲੇ ਵਿਚ ਮੁਕਾਬਲਤਨ ਸਵੈ-ਨਿਰਭਰ ਹੁੰਦਾ ਸੀ ਪਰ ਹੁਣ ਉਸਦੀ ਖੇਤੀ ਗਰੀ ਖੋਪਾ, ਰਬੜ, ਮਸਾਲੇ ਅਤੇ ਚਾਹ ਵਰਗੀਆਂ ਤਿੰਨ-ਚਾਰ ਫਸਲਾਂ 'ਤੇ ਹੀ ਨਿਰਭਰ ਹੋ ਕੇ ਰਹਿ ਗਈ ਹੈ। ਇਹਨਾਂ ਫਸਲਾਂ ਦੀ ਉਪਜ ਜਾਂ ਤਾਂ ਦੂਸਰੇ ਦੇਸ਼ਾ ਨੂੰ ਬਰਾਮਦ ਕਰ ਦਿਤੀ ਜਾਂਦੀ ਹੈ ਜਾਂ ਟਾਟਾ ਅਤੇ ਬਿਰਲਾ ਵਰਗੇ ਅਜਾਰੇਦਾਰ ਘਰਾਣੇ ਵਰਤ ਜਾਂਦੇ ਹਨ। ਦੋਹਾਂ ਹੀ ਮਾਮਲਿਆਂ ਵਿਚ ਰਾਜ ਨੂੰ ਉਸਦੀਆਂ ਉਪਜਾਂ ਦਾ ਬਣਦਾ ਯੋਗ ਮੁੱਲ ਨਹੀਂ ਮਿਲਦਾ।

ਨਕਸਲੀ ਗਰੁੱਪ ਦੀ ਲੀਡਰਸ਼ਿਪ ਦਾ ਕਹਿਣਾ ਹੈ "ਜੇ ਮਲਿਆਲੀ ਇਕ ਸੁਤੰਤਰ ਕੌਮ ਹੁੰਦੀ, ਤਾਂ ਇਹਨਾਂ ਫਸਲਾਂ ਦੀ ਉਪਜ ਦੀ ਆਮਦਨ ਉਸਦੇ ਹੱਥ ਆਉਂਦੀ ਅਤੇ ਇਸ ਆਮਦਨ ਨੂੰ ਕੇਰਲਾ ਦੇ ਸਨਅਤੀਕਰਨ ਲਈ ਵਰਤਿਆ ਜਾਂਦਾ"। ਉਹ ਗਰੀ ਖੋਪੇ ਦੀ ਮਿਸਾਲ ਦੇਂਦੇ ਹਨ। 1970 ਵਿਚ ਇਸਦੀ ਉਪਜ 42 ਕਰੋੜ ਸੀ ਜੋ 1983 ਤਕ ਘਟਕੇ 34 ਕਰੋੜ ਰਹਿ ਗਈ। ਇਸਦਾ ਕਾਰਨ ਗਰੀ ਖੋਪੇ ਦੀ ਕੁਲ-ਹਿੰਦ ਮੰਡੀ ਵਿਚ ਆਏ ਉਤਰਾਅ-ਚੜ੍ਹਾਅ ਸਨ। ਗਰੀ ਖੋਪੇ ਦੀ ਮੰਡੀ 'ਤੇ ਟਾਟਾ ਘਰਾਣੇ ਦਾ ਮੁਕੰਮਲ ਗਲਬਾ ਹੈ। ਆਪਣੀ ਇਸ ਗਲਬੇ ਵਾਲੀ ਪੁਜੀਸ਼ਨ ਕਾਰਨ ਉਹ ਗਰੀ ਖੋਪੇ ਦੀਆਂ ਆਪਣੀ ਮਰਜੀ ਨਾਲ ਕੀਮਤਾਂ ਨਿਸ਼ਚਿਤ ਕਰਨ ਦੀ ਹਾਲਤ ਵਿਚ ਹਨ। ਇਸਦਾ ਅਰਥ ਇਹ ਬਣਦਾ ਹੈ ਕਿ ਕੇਰਲਾ ਦੀ ਆਰਥਕਤਾ ਦਾ ਇਕ ਮੁੱਖ ਥੰਮ ਪੂਰੀ ਤਰਾਂ ਇਕ ਅਜਾਰੇਦਾਰ ਘਰਾਣੇ ਦੀਆਂ ਲੋੜਾਂ 'ਤੇ ਨਿਰਭਰ ਹੈ।

ਕੋਚੀਨ ਯੂਨੀਵਰਸਿਟੀ ਵਿਚ ਅਰਥ-ਸ਼ਾਸਤਰ ਵਿਭਾਗ ਦੇ ਪ੍ਰੋਫੈਸਰ ਡਾ: ਕੇ. ਕੇ. ਜਾਰਜ ਨੇ ਦੱਸਿਆ ਕਿ ਜਿੰਨੀ ਬੁਰੀ ਤਰਾਂ ਕੇਰਲਾ ਦੇ ਕੱਚੇ ਪਦਾਰਥਾਂ ਨੂੰ ਲੁੱਟਿਆ ਜਾ ਰਿਹਾ ਹੈ ਉਨੀ ਹੀ ਬੁਰੀ ਤਰਾਂ ਇਸਦੇ ਇਸਦੇ ਸਰਮਾਏ ਨੂੰ ਬੈਂਕਾਂ ਵਰਗੇ ਵਿਤੀ ਅਦਾਰਿਆਂ ਦੀ ਮਦਦ ਨਾਲ ਹੜੱਪਿਆ ਜਾ ਰਿਹਾ ਹੈ। ਆਮ ਹਾਲਤਾਂ ਵਿਚ ਲੋਕਾਂ ਵਲੋਂ ਜਮਾ ਕਰਾਏ ਗਏ ਸਰਮਾਏ

ਨੂੰ ਰਾਜ ਦੇ ਖੇਤੀ, ਸਨਅਤ ਅਤੇ ਵਪਾਰ ਦੇ ਵਿਕਾਸ ਲਈ ਕਰਜਿਆਂ ਦੇ ਰੂਪ ਵਿਚ ਵਰਤਿਆ ਜਾਂਦਾ ਹੈ ਪਰ ਕੇਰਲਾ ਅੰਦਰ ਅਜਿਹਾ ਨਹੀਂ ਵਾਪਰ ਰਿਹਾ। ਪ੍ਰੋਫੈਸਰ ਜਾਰਜ ਸਟੇਟ ਬੈਂਕ ਆਫ਼ ਇੰਡੀਆ ਦੀ ਮਿਸਾਲ ਦੇਂਦਾ ਹੈ। ਤਾਜ਼ਾ ਅੰਕੜਿਆਂ ਮੁਤਾਬਕ ਇਸ ਬੈਂਕ ਨੇ 30 ਜੂਨ 1987 ਤਕ 503 ਕਰੋੜ ਰੁਪਏ ਇਕੱਠੇ ਕੀਤੇ ਹਨ। ਇਹਨਾਂ ਵਿਚੋਂ 279 ਕਰੋੜ ਰੁਪਏ ਤਾਂ ਕੇਰਲਾ ਵਿਚ ਲਗਾਏ ਗਏ ਪਰ ਬਾਕੀ ਦੇ 224 ਕਰੋੜ ਕੇਰਲਾ ਤੋਂ ਬਾਹਰ। ਇਹ ਤਾਂ ਸਿਰਫ ਇਕ ਬੈਂਕ ਦੀ ਮਿਸਾਲ ਹੈ। ਦੂਸਰੀਆਂ ਬੈਂਕਾਂ ਇਸ ਕੰਮ ਵਿਚ ਇਸ ਬੈਂਕ ਨਾਲੋਂ ਕਿਸੇ ਵੀ ਤਰਾਂ ਪਿਛੇ ਨਹੀਂ ਹਨ।

ਇਹ ਹੈ ਉਹ ਸਦੰਰਭ ਜਿਸ ਵਿਚ ਕੇਰਲਾ ਦੀ ਆਪਾ-ਨਿਰਣੇ ਅਤੇ ਵੱਖ ਹੋਣ ਦੇ ਹੱਕ ਦੀ ਮੰਗ ਮਹੱਤਤਾ ਅਖਤਿਆਰ ਕਰਦੀ ਹੈ। ਸੀ. ਆਰ. ਸੀ. ਦਾ ਮੱਤ ਹੈ ਕਿ ਭਾਰਤ ਦੀ ਏਕਤਾ ਨਕਲੀ ਹੈ ਅਤੇ ਇਹ ਬਰਤਾਨਵੀ ਸਾਮਰਾਜੀਆਂ ਦੀ ਉਪਜ ਹੈ। ਸਾਮਰਾਜੀਆਂ ਦੀਆਂ ਇਕ ਵਿਸ਼ਾਲ ਮੰਡੀ ਨੂੰ ਕਾਬੂ ਹੇਠ ਰੱਖਣ ਦੀਆਂ ਲੋੜਾਂ ਵਿਚੋਂ ਹੀ ਕਥਿਤ ਏਕਤਾ ਅਤੇ ਅਖੰਡਤਾ ਨੇ ਜਨਮ ਲਿਆ ਹੈ। ਇਹ ਮੱਤ ਵਿਸ਼ੇਸ਼ ਧਿਆਨ ਦੀ ਮੰਗ ਕਰਦਾ ਹੈ। ਸ਼ਾਇਦ ਇਸੇ ਤੱਥ ਨੂੰ ਹੀ ਪਰਵਾਨ ਕਰਦਿਆ ਹੋਇਆ ਕਾਂਗਰਸ ਨੇ ਆਪਣੇ 1942 ਦੇ ਦਿਲੀ ਸੈਸ਼ਨ ਵਿਚ ਪਾਸ ਕੀਤੇ ਇਕ ਮਤੇ ਵਿਚ ਉਪ ਮਹਾਂਦੀਪ ਦੀਆਂ 17 ਕੌਮੀਅਤਾਂ ਦੇ ਆਪਾ-ਨਿਰਣੇ ਦੇ ਹੱਕ ਦੀ ਗੱਲ ਕੀਤੀ ਸੀ। 1942 ਤੋਂ 1947 ਤੱਕ ਸੀ. ਪੀ. ਆਈ. ਨੇ ਵੀ ਆਪਾ-ਨਿਰਣੇ ਦੇ ਮੱਤ ਦੀ ਜ਼ੋਰਦਾਰ ਹਮਾਇਤ ਕੀਤੀ ਸੀ।

ਕੇਰਲਾ ਅੰਦਰ ਨਵ-ਬਸਤੀਆਨਾ ਲੁਟ-ਖਸੁੱਟ ਦੇ ਅਸਰ ਸਭ ਪਾਸੇ ਵੇਖਣ ਨੂੰ ਮਿਲਦੇ ਹਨ। ਕਾਲੀਕਟ ਵਿਚ ਬਿਰਲਿਆ ਦੀ ਇਕ ਫੈਕਟਰੀ "ਗਵਾਲੀਅਰ ਰੇਅਨਜ਼" ਹੈ। ਇਹ ਫੈਕਟਰੀ 1960 ਤੋਂ 1980 ਤਕ "ਰੇਅਨਜ਼" ਤਿਆਰ ਕਰਨ ਲਈ ਕੱਚਾ ਮਾਲ-ਬਾਂਸ ਦੋ ਰੁਪਏ ਟਨ ਖਰੀਦਦੀ ਰਹੀ। ਜਦੋਂ ਸਰਕਾਰ ਨੇ ਬਾਂਸ ਦੀਆਂ ਕੀਮਤਾਂ ਵਿਚ ਕੁਝ ਵਾਧਾ ਕਰਨ ਦਾ ਫੈਸਲਾ ਕੀਤਾ ਤਾਂ ਬਿਰਲਿਆਂ ਨੇ ਫੈਕਟਰੀ ਅੰਦਰ ਕੰਮ ਕਰਦੇ 5000 ਮਜ਼ਦੂਰਾਂ ਨੂੰ ਬਾਹਰ ਕੱਢ ਦਿਤਾ ਅਤੇ ਫੈਕਟਰੀ ਬੰਦ ਕਰ ਦਿਤੀ। ਬਿਰਲਿਆਂ ਦੀ ਦੋ ਦਹਾਕਿਆਂ ਦੀ ਲੁਟ-ਖਸੁੱਟ ਦਾ ਸਿੱਟਾ ਇਹ ਨਿਕਲਿਆ ਹੈ ਕਿ ਕੇਰਲਾ ਦੀਆਂ ਉਤਰੀ ਪਹਾੜੀਆਂ ਦੇ ਲੱਖਾਂ ਹੀ ਏਕੜਾਂ ਦਾ ਜੰਗਲ ਖਤਮ ਹੋ ਚੁੱਕਾ ਹੈ ਅਤੇ ਇਸ ਜੰਗਲ ਦੇ ਬਾਂਸ ਨੂੰ ਵੇਚ ਵੇਚ ਕੇ ਗੁਜ਼ਾਰਾ ਕਰਨ ਵਾਲੇ 30 ਹਜ਼ਾਰ ਦੇ ਕਰੀਬ ਮਜ਼ਦੂਰਾਂ ਨੂੰ ਪਿੰਡਾਂ ਨੂੰ ਛੱਡਕੇ ਰੁਜ਼ਗਾਰ ਲਈ ਮਾਰੇ ਮਾਰੇ ਫਿਰਨ ਲਈ ਮਜਬੂਰ ਹੋਣਾ ਪਿਆ ਹੈ ਕਿਉਂਕਿ ਇਸ ਜੰਗਲ ਵਿਚ ਹੁਣ ਕਾਫੀ ਬਾਂਸ ਨਹੀਂ ਰਿਹਾ ਜਿਸਦੇ ਆਸਰੇ ਉਹ ਆਪਣਾ ਗੁਜ਼ਾਰਾ ਚਲਾਉਂਦੇ ਆਏ ਹਨ।

ਅਜਿਹਾ ਵਰਤਾਰਾ ਸਿਰਫ ਕੇਰਲਾ ਤੱਕ ਹੀ ਸੀਮਤ ਨਹੀਂ। ਇਸੇ ਕਰਕੇ ਵੇਨੂ ਦਾ ਗਰੁੱਪ ਸਮਝਦਾ ਹੈ ਕਿ ਕੌਮੀ ਸਵਾਲ ਦੀ ਭਾਰਤ ਅੰਦਰਲੇ ਸਾਰੇ ਰਾਜਾਂ ਲਈ ਅਹਿਮੀਅਤ ਹੈ। ਇਸ ਗਰੁੱਪ ਮੁਤਾਬਕ ਆਪਾ-ਨਿਰਣੇ ਅਤੇ ਵੱਖ ਹੋਣ ਦੇ ਹਕ ਨੂੰ ਹਾਸਲ ਕਰਨ ਤੋਂ ਬਿਨਾਂ ਕੌਮੀ ਸਵਾਲ ਹੱਲ ਨਹੀਂ ਹੋ ਸਕਦਾ। ਵੇਨੂ ਮੁਤਾਬਕ ਕੌਮੀ ਸਵਾਲ ਨੂੰ ਹਲ ਕਰਨ ਲਈ "ਹਰ ਕੌਮ ਨੂੰ ਮਜ਼ਦੂਰ ਜਮਾਤ ਦੀ ਅਗਵਾਈ ਹੇਠ ਜਮਹੂਰੀ ਇਨਕਲਾਬ ਕਰਨੇ ਪੈਣਗੇ।"

ਲੱਗਦਾ ਹੈ ਇਸ ਮਸਲੇ 'ਤੇ ਇਸ ਗਰੁੱਪ ਨੂੰ ਕੁਝ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਦੀਆਂ ਕਾਨਫਰੰਸਾਂ 'ਤੇ ਇਕੱਠੇ ਹੋਣ ਵਾਲਿਆਂ ਵਿਚੋਂ ਬਹੁਤੇ ਨੌਜਵਾਨ ਅਤੇ ਵਿਦਿਆਰਥੀ ਹੀ ਹੁੰਦੇ ਹਨ। ਮਜ਼ਦੂਰ ਜਮਾਤ ਘੱਟ ਹੀ ਦੇਖਣ ਨੂੰ ਮਿਲਦੀ। ਪਾਰਟੀ ਇਸ ਸਮੱਸਿਆ ਨੂੰ ਕਿਵੇਂ ਹਲ ਕਰ ਰਹੀ ਹੈ? ਵੇਨੂ ਮੁਤਾਬਕ "ਅਸੀਂ ਟਰੇਡ-ਯੂਨੀਅਨਾਂ ਦੀ ਲੋੜ ਨੂੰ ਹੁਣੇ ਹੀ ਸਮਝਿਆ ਹੈ। ਇਹ ਸਾਡੀ ਸਿਧਾਂਤਕ ਪੁਜ਼ੀਸ਼ਨ ਦੀ ਇਕ ਗਲਤੀ ਕਾਰਨ ਸੀ ਕਿ ਅਸਾਂ ਟਰੇਡ-ਯੂਨੀਅਨਾਂ ਨੂੰ ਅਣਗੌਲਿਆ ਕਰੀਂ ਰੱਖਿਆ। ਹੁਣ ਅਸੀਂ ਇਸ ਖੇਤਰ ਅੰਦਰ ਵੀ ਕੰਮ ਸ਼ੁਰੂ ਕਰ ਰਹੇ ਹਾਂ। ਪਰ ਇਹ ਗਲ ਸਮਝ ਲੈਣੀ ਚਾਹੀਦੀ ਹੈ ਕਿ ਸਾਡੀ ਲਹਿਰ ਕਾਂਗਰਸ, ਸੀ. ਪੀ. ਆਈ. ਅਤੇ ਸੀ. ਪੀ. ਐਮ. ਦੀ ਟਰੇਡ ਯੂਨੀਅਨ ਬੁਰਜੂਆਜੀ ਦੇ ਆਰਥਕਵਾਦ ਤੋਂ ਉਲਟ ਹੋਵੇਗੀ। ਇਸਨੂੰ ਸਿਆਸੀ ਲਹਿਰ ਹੋਣਾ ਪਵੇਗਾ।"

ਕੁਝ ਹੋਰ ਸਵਾਲਾਂ ਬਾਰੇ ਵੀ ਵੇਨੂ ਗਰੁੱਪ ਕੋਲ ਸਪਸ਼ਟ ਜਵਾਬ ਨਹੀਂ ਹੈ। ਪਰ ਇਹਨਾਂ ਗੱਲਾਂ ਦੇ ਬਾਵਜੂਦ, ਮੁਕਤੀ ਲਹਿਰ ਨੇ ਕੇਰਲਾ ਦੀ ਸਿਆਸਤ ਅੰਦਰ ਇੱਕ ਨਵੀਂ ਸੰਭਾਵਨਾ ਪੈਦਾ ਕਰ ਦਿਤੀ ਹੈ। ਰਾਜ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਨੂੰ ਇਸਨੂੰ ਪਰਵਾਨ ਕਰਨ ਲਈ ਮਜਬੂਰ ਹੋਣਾ ਪਿਆ ਹੈ। ਵੇਨੂ ਗਰੁੱਪ ਖੱਬੀ ਲਹਿਰ ਨੂੰ ਇਕ ਨਵੀਂ ਦਿਸ਼ਾ ਦੇ ਰਿਹਾ ਹੈ।

### ਭੁੱਲ ਦੀ ਸੋਧ

ਜਨਤਕ ਪੈਗਾਮ ਦੇ ਦਸੰਬਰ 88 ਅੰਕ ਵਿਚ ਭਾਈ ਮਾਨੋਚਾਹਲ ਬਾਰੇ ਇਕ ਲੇਖ ਛਪਿਆ ਸੀ। ਇਸ ਲੇਖ ਦਾ ਜਿਹੜਾ ਹਿੱਸਾ ਸਫਾ 12 'ਤੇ ਛਪਿਆ ਹੈ ਉਸਦੇ ਪਹਿਲੇ ਕਾਲਮ ਦੇ ਪਹਿਲੇ ਪਹਿਰੇ ਵਿਚ ਪੁਠਿਆਂ ਕੌਮਿਆਂ ਵਿਚ ਇਹ ਸ਼ਬਦ ਛਪੇ ਸਨ "ਖਾੜਕੂਆਂ ਦੀ ਮਾਇਆ ਨਾਲ ਮਦਦ ਕਰੋ ਤਾਂ ਜੋ ਸਾਨੂੰ ਤਸ਼ੱਦਦ ਨਾ ਕਰਨਾ ਪਵੇ"। ਭਾਈ ਮਾਨੋਚਾਹਲ ਨੇ ਸ਼ਬਦ ਤਰੱਦਦ ਵਰਤਿਆ ਸੀ ਪਰ ਪ੍ਰੈਸ ਵਿਚ ਹੋਈ ਪਰੂਫ ਦੀ ਗਲਤੀ ਕਾਰਨ ਤਸ਼ੱਦਦ ਸ਼ਬਦ ਛਪ ਗਿਆ। ਇਸੇ ਤਰਾਂ ਤੀਜੇ ਪਹਿਰੇ ਦੀ ਤੀਜੀ ਲਾਈਨ ਵਿਚ ਵੀ "ਤਰੱਦਦ" ਦੀ ਥਾਂ "ਤਸ਼ੱਦਦ" ਛਪ ਗਿਆ ਹੈ। ਸਾਨੂੰ ਇਸ ਗਲਤੀ ਦਾ ਅਫਸੋਸ ਹੈ। ਕਿਉਂਕਿ ਅਸਾਂ ਦਲੀਲ-ਬਾਜ਼ੀ ਸ਼ਬਦ ਤਰੱਦਦ ਵਰਤ ਕੇ ਹੀ ਕੀਤੀ ਸੀ ਇਸ ਲਈ ਪਾਠਕਾਂ ਨੂੰ ਸਿਰਫ ਇਹ ਦੋ ਸ਼ਬਦ ਹੀ ਠੀਕ ਕਰਨੇ ਚਾਹੀਦੇ ਹਨ। ਬਾਕੀ ਦਲੀਲਬਾਜ਼ੀ ਠੀਕ ਹੈ। —ਸੰਪਾਦਕ

# ਬਾਬੂ ਕਾਂਸੀ ਰਾਮ ਦੇ ਥਿੜਕਦੇ ਕਦਮ

ਕਲਕੱਤੇ ਤੋਂ ਛਪਦੇ ਅੰਗਰੇਜ਼ੀ ਹਫਤਾਵਾਰ 'ਸੰਡੇ' ਦੇ 11 ਦਸੰਬਰ ਵਾਲੇ ਅੰਕ ਵਿਚ ਬਹੁਜਨ ਸਮਾਜ ਪਾਰਟੀ ਦੇ ਆਗੂ ਬਾਬੂ ਕਾਸ਼ੀ ਨਾਲ ਇਕ ਗਲਬਾਤ ਛਪੀ ਹੈ। ਇਹ ਗਲਬਾਤ ਸਿਆਸੀ ਹਲਕਿਆਂ ਅੰਦਰ ਡੂੰਘੀ ਦਿਲਚਸਪੀ ਦਾ ਵਿਸ਼ਾ ਬਣੀ ਹੋਈ ਹੈ। ਗਲਬਾਤ ਕਾਂਗਰਸ ਅਤੇ ਬਹੁਜਨ ਸਮਾਜ ਪਾਰਟੀ ਵਿਚਕਾਰ ਚਲ ਰਹੀਆਂ ਉਹਨਾਂ ਮੀਟਿੰਗਾਂ ਬਾਰੇ ਹੈ ਜਿਹਨਾਂ ਵਿਚ ਆ ਰਹੀਆਂ ਲੋਕ ਸਭਾ ਦੀਆਂ ਚੋਣਾਂ ਲਈ ਦੋਹਾਂ ਪਾਰਟੀਆਂ ਦਰਮਿਆਨ ਗਠਜੋੜ ਬਨਾਉਣ ਦੀਆਂ ਸੰਭਾਵਨਾਵਾਂ ਫਰੋਲੀਆਂ ਜਾ ਰਹੀਆਂ ਹਨ। ਪਿਛਲੇ ਕੁਝ ਮਹੀਨਿਆਂ ਤੋਂ ਪੱਤਰਕਾਰਾਂ ਵਲੋਂ ਇਹਨਾਂ ਮੀਟਿੰਗਾਂ ਬਾਰੇ ਕਿਆਸਅਰਾਈਆਂ ਲਾਈਆਂ ਜਾਂਦੀਆਂ ਰਹੀਆਂ ਹਨ। ਪਰ ਇਹ ਪਹਿਲੀ ਵਾਰੀ ਹੈ ਜਦੋਂ ਬਾਬੂ ਕਾਸ਼ੀ ਰਾਮ ਨੇ ਆਪ ਇਹਨਾਂ ਬਾਰੇ ਮੰਨਿਆ ਹੈ। ਭਾਵੇਂ ਉਸਨੇ ਮੀਟਿੰਗਾਂ ਵਿਚ ਸ਼ਾਮਲ ਹੋ ਰਹੇ ਕਾਂਗਰਸੀ ਲੀਡਰਾਂ ਦੇ ਨਾਂਅ ਦੱਸਣ ਤੋਂ ਤਾਂ ਇਨਕਾਰ ਕਰ ਦਿਤਾ ਪਰ ਇਹ ਜਰੂਰ ਦਸਿਆ ਹੈ ਕਿ ਉਸਨੂੰ ਇਕ ਨਹੀਂ, ਕਈ ਕਾਂਗਰਸੀ ਆਗੂ ਮਿਲੇ ਹਨ। ਉਹ ਇਕੱਠੇ ਨਹੀਂ ਵੱਖ ਵੱਖ ਮਿਲੇ ਹਨ। ਜਾਣਕਾਰ ਹਲਕੇ ਇਹਨਾਂ ਕਾਂਗਰਸੀ ਆਗੂਆਂ ਦੇ ਨਾਂਅ ਸ਼ੀਲਾ ਦੀਕਸ਼ਤ, ਰਜੇਸ਼ ਪਾਇਲਟ, ਸ਼ਿਵ ਸ਼ੰਕਰ, ਪੀ. ਚਿਤੰਬਰਮ ਅਤੇ ਮਾਧਵ ਸੋਲੰਕੀ ਦੱਸ ਰਹੇ ਹਨ। ਗੱਲਬਾਤ ਦੌਰਾਨ ਕਾਸ਼ੀ ਰਾਮ ਨੇ ਜਿਨੇ ਵੀ ਜਵਾਬ ਦਿਤੇ ਹਨ ਉਹਨਾਂ ਤੋਂ ਇਸ ਗੱਲ ਦਾ ਕਾਫੀ ਇਸ਼ਾਰਾ ਮਿਲਦਾ ਹੈ ਕਿ ਉਹ ਕਾਂਗਰਸ ਨਾਲ ਗਠਜੋੜ ਬਨਾਉਣ ਵਿਚ ਕੁਝ ਵੀ ਗਲਤ ਨਹੀਂ ਸਮਝਦਾ। ਉਸਦਾ ਕਹਿਣਾ ਹੈ ਕਿ ਅਜਿਹੇ ਗਠਜੋੜ ਨਾਲ ਬਹੁਜਨ ਸਮਾਜ ਪਾਰਟੀ ਅਤੇ ਕਾਂਗਰਸ, ਦੋਵੇਂ ਹੀ ਕਾਫੀ ਸੀਟਾਂ ਲੈ ਜਾਣ-ਗੀਆਂ। ਇਕ ਸਵਾਲ ਦੇ ਜਵਾਬ ਵਿਚ ਕਾਸ਼ੀ ਰਾਮ ਨੇ ਕਿਹਾ "ਜੋ ਮੈਂ ਮਹਿਸੂਸ ਕਰਦਾ ਹਾਂ ਅਤੇ ਉਹਨਾਂ (ਕਾਂਗਰਸੀ ਆਗੂਆਂ) ਨਾਲ ਗਲਬਾਤ ਕਰਕੇ ਜਿਨਾ ਕੁ ਮੈਨੂੰ ਪਤਾ ਲੱਗਾ ਹੈ ਉਹ ਇਹ ਹੈ ਕਿ ਉਹ ਵੀ ਮਹਿਸੂਸ ਕਰ ਰਹੇ ਹਨ ਕਿ ਬਹੁਜਨ ਸਮਾਜ ਪਾਰਟੀ ਦੇ ਉਮੀਦਵਾਰਾਂ ਦੇ ਖੜੇ ਹੋਣ ਦੀ ਹਾਲਤ ਵਿਚ ਯੂ. ਪੀ. ਵਿਚੋਂ ਕਾਂਗਰਸ ਇਕ ਵੀ ਸੀਟ ਨਹੀਂ ਜਿਤ ਸਕੇਗੀ...ਇਸ ਕਰਕੇ ਕੁਦਰਤੀ ਹੀ ਉਹ ਸਾਡੇ ਨਾਲ ਗਠਜੋੜ ਬਨਾਉਣ ਵਿਚ ਦਿਲਚਸਪ ਹੋਣਗੇ। ਮੈਂ ਉਹਨਾਂ ਨੂੰ ਕਿਹਾ 'ਚੋਣਾਂ ਦਾ ਐਲਾਨ ਤਾਂ ਤੁਸਾਂ ਹੀ ਕਰਨਾ ਹੈ। ਤੁਸੀਂ ਮੈਨੂੰ ਦੱਸੋ ਕਿ ਤੁਸੀਂ ਕਦੋਂ ਇਹ ਐਲਾਨ ਕਰ ਰਹੇ ਹੋ। ਜਦੋਂ ਚੋਣਾ ਦਾ ਐਲਾਨ ਆ ਜਾਵੇਗਾ, ਆਪਾਂ ਗਠਜੋੜ ਬਨਾਉਣ ਬਾਰੇ ਸੋਚ ਲਵਾਂਗੇ।"

ਇਕ ਹੋਰ ਸਵਾਲ ਦਾ ਕਾਸ਼ੀ ਰਾਮ ਵਲੋਂ ਜਵਾਬ ਇਸ ਤਰਾਂ ਸੀ "ਮੈਂ ਮਹਿਸੂਸ ਕਰਦਾ ਹਾਂ ਕਿ ਕਾਂਗਰਸ ਮੇਰੇ ਨਾਲ ਸਲਾਹ ਕਰਨ ਤੋਂ ਬਿਨਾਂ ਚੋਣਾ ਲੜਨ ਦਾ ਹੀਆਂ ਨਹੀਂ ਕਰ ਸਕਦੀ। ਜੇ ਉਹ ਕੋਈ ਵੀ ਸੀਟ ਨਹੀਂ ਜਿਤਣੀ ਚਾਹੁੰਦੀ ਤਾਂ ਉਸਨੂੰ ਮੇਰੇ ਨਾਲ ਗਲਬਾਤ ਕਰਨ ਦੀ ਕੋਈ ਜਰੂਰਤ ਨਹੀਂ ਪਰ ਜੇ ਉਹ ਕੁਝ ਸੀਟਾਂ ਜਿਤਣਾ ਚਾਹੁੰਦੀ ਹੈ ਤਾਂ ਉਸਨੂੰ ਕਾਸ਼ੀ ਰਾਮ ਨਾਲ ਸਲਾਹ ਕਰਨੀ ਹੀ ਪਵੇਗੀ।" ਜਦੋਂ ਕਾਸ਼ੀ ਰਾਮ ਨੂੰ ਇਹ ਪੁਛਿਆ ਗਿਆ ਕਿ ਕਾਂਗਰਸ ਨਾਲ ਸਮਝੌਤੇ ਵਿਚ ਤੁਹਾਨੂੰ ਕੀ ਮਿਲੇਗਾ ਤਾਂ ਕਾਸ਼ੀ ਰਾਮ ਦਾ ਕਹਿਣਾ ਸੀ "ਹੋਰ ਵੱਧ ਸੀਟਾਂ। ਜਿਥੇ ਅਸੀਂ ਪੰਦਰਾਂ ਸੀਟਾਂ ਲੈਜਾ ਸਕਦੇ ਹਾਂ ਉਥੇ ਤੀਹ ਸੀਟਾਂ ਲੈ ਜਾਵਾਂਗੇ" ਵਧ ਸੀਟਾਂ ਲਿਜਾਣ ਤੋਂ ਇਲਾਵਾ ਕਾਂਗਰਸ ਨਾਲ ਗਠਜੋੜ ਦਾ ਉਸਨੇ ਇਕ ਹੋਰ ਕਾਰਨ ਦੱਸਿਆ "ਵਿਰੋਧੀ ਧਿਰ ਵਲੋਂ ਵਧ ਸੀਟਾਂ ਲਿਜਾਣਾ ਸਾਡੇ ਹਿੱਤਾ ਲਈ ਬਹੁਤ ਖਤਰਨਾਕ ਹੋਵੇਗਾ। ਹੁਣ ਤਕ ਮੈਂ ਮਹਿਸੂਸ ਕਰਦਾ ਰਿਹਾ ਹਾਂ ਇਕ ਸੱਪ ਹੈ ਤੇ ਦੂਸਰਾ ਨਾਗ। ਪਰ ਹੁਣ ਮੈਨੂੰ ਲਗਦਾ ਹੈ ਕਿ ਇਕ ਸੱਪ ਹੈ ਤੇ ਦੂਸਰਾ ਸ਼ੇਸਨਾਗ। ਮੈਂ ਮਹਿਸੂਸ ਕਰਦਾ ਹੈ ਕਿ ਜਾਗੀਰੂ ਤਾਕਤਾਂ ਸਾਡੇ ਲਈ ਵੱਧ ਖਤਰਨਾਕ ਹਨ। ਵੀ. ਪੀ. ਸਿੰਘ ਦੀ ਮਸਾਲ ਲਵੋ। ਉਸਦਾ ਆਸਰਾ ਜਗੀਰੂ ਅਤੇ ਫਿਰਕਾ ਪ੍ਰਸਤ ਤਾਕਤਾਂ ਹਨ।"

ਜੇ "ਸੰਡੇ" ਦੇ ਪੱਤਰਕਾਰ ਨੇ ਬਾਬੂ ਕਾਸ਼ੀ ਰਾਮ ਦੇ ਜਵਾਬਾਂ ਨੂੰ ਵਿਗਾੜ ਕੇ ਪੇਸ਼ ਨਹੀਂ ਕੀਤਾ (ਬਾਬੂ ਕਾਸ਼ੀ ਰਾਮ ਨੇ ਵੀ ਅਜੇ ਤੱਕ ਅਜਿਹਾ ਕੋਈ ਦਾਅਵਾ ਨਹੀਂ ਕੀਤਾ) ਤਾਂ ਉਪਰਲੇ ਅਤੇ ਗਲਬਾਤ ਵਿਚਲੇ ਹੋਰਨਾਂ ਸਵਾਲਾਂ ਦੇ ਜਵਾਬਾਂ ਤੋਂ ਸਾਡਾ ਅੰਦਾਜਾ ਇਹ ਬਣਦਾ ਹੈ ਕਿ ਬਾਬੂ ਕਾਸ਼ੀ ਰਾਮ ਥਿੜਕ ਗਿਆ ਹੈ ਅਤੇ ਉਹ ਆ ਰਹੀਆਂ ਚੋਣਾਂ ਕਾਂਗਰਸ ਨਾਲ ਸੀਟਾਂ ਦੇ ਲੈ-ਦੇ ਕਰਕੇ ਲੜੇਗਾ (ਕਾਸ਼ੀ ਰਾਮ ਦਾ ਕਹਿਣਾ ਹੈ ਕਿ ਜਿਥੇ ਉਸਦੀ ਪਾਰਟੀ ਦੇ ਉਮੀਦਵਾਰ ਹੋਣਗੇ, ਉਥੇ ਕਾਂਗਰਸ ਆਪਣੇ ਉਮੀਦਵਾਰ ਖੜੇ ਨਹੀਂ ਕਰੇਗੀ ਅਤੇ ਜਿਥੇ ਕਾਂਗਰਸ ਦੇ ਉਮੀਦਵਾਰ ਹੋਣਗੇ ਉਥੇ ਬਹੁਜਨ ਸਮਾਜ ਪਾਰਟੀ ਆਪਣੇ ਉਮੀਦਵਾਰ ਖੜੇ ਨਹੀਂ ਕਰੇਗੀ) ਵੈਸੇ ਜੇ ਸਾਡਾ ਇਹ ਅੰਦਾਜਾ ਗਲਤ ਸਾਬਤ ਹੋ ਜਾਵੇ ਤਾਂ ਸਾਨੂੰ ਖੁਸ਼ੀ ਹੋਵੇਗੀ ਕਿਉਂਕਿ ਕਾਂਗਰਸ ਨਾਲ ਕਿਸੇ ਵੀ ਕਿਸਮ ਦਾ ਗਠ-ਜੋੜ ਉਭਰ ਰਹੀ ਦਲਿਤ ਲਹਿਰ ਲਈ ਬੇਹੱਦ ਘਾਤਕ ਹੋਵੇਗਾ। ਇਸ ਗਠਜੋੜ ਵਿਚੋਂ ਜੇ ਕੁਝ ਖੱਟਣ ਲਈ ਹੈ ਤਾਂ ਉਹ ਸਿਰਫ ਕਾਂਗਰਸ ਲਈ ਹੀ ਹੈ।

## ਕਾਂਗਰਸ ਕੀ ਖੱਟੇਗੀ ?

ਬਾਬੂ ਕਾਸ਼ੀ ਰਾਮ ਕੁਝ ਸਾਲ ਪਹਿਲਾਂ ਸਿਆਸੀ ਸਤਾ 'ਤੇ ਕਬਜ਼ਾ ਕਰਨ ਦਾ ਨਾਹਰਾ ਲੈ ਕੇ ਆਇਆ ਸੀ। ਉਸਦਾ ਕਹਿਣਾ ਸੀ ਕਿ ਦਲਿਤਾਂ ਦੀ ਮੁਕਤੀ ਲਈ ਕੁੰਜੀ ਸਿਆਸੀ

ਸਤਾ ਵਿਚ ਹੈ। ਮੁਕਤੀ ਦੀ ਕੁੰਜੀ ਨੂੰ ਹਾਸਲ ਕਰਨ ਲਈ ਉਸਨੇ ਦਲਿਤਾਂ ਅਤੇ ਧਾਰਮਕ ਘੱਟ-ਗਿਣਤੀਆ ਨੂੰ ਇਕ ਮੁੱਠ ਕਰਨ ਦਾ ਪ੍ਰੋਗਰਾਮ ਪੇਸ਼ ਕੀਤਾ ਸੀ। ਬਾਬੂ ਕਾਂਸ਼ੀ ਰਾਮ ਨੇ ਇਹ ਪ੍ਰੋਗਰਾਮ ਅਜਿਹੇ ਸਮੇਂ ਪੇਸ਼ ਕੀਤਾ ਸੀ ਜਦੋਂ ਕਾਂਗਰਸ ਦੇ ਬ੍ਰਾਹਮਣਵਾਦੀ ਹਾਕਮਾਂ ਨੇ ਦਲਿਤਾਂ 'ਤੇ ਘੱਟ ਗਿਣਤੀਆਂ 'ਤੇ ਤਿੱਖਾ ਜਬਰ ਸ਼ੁਰੂ ਕੀਤਾ ਹੋਇਆ ਸੀ ਅਤੇ ਜਬਰ ਅਤੇ ਵਿਤਕਰੇ ਦਾ ਸ਼ਿਕਾਰ ਇਹਨਾਂ ਤਬਕਿਆਂ ਅੰਦਰ ਮੁਕਤੀ ਦੀ ਤਾਂਘ ਜ਼ੋਰ ਫੜ ਰਹੀ ਸੀ। ਦਲਿਤਾਂ ਅਤੇ ਧਾਰਮਕ ਘੱਟ ਗਿਣਤੀਆਂ ਖਾਸ ਕਰਕੇ ਮੁਸਲਮਾਨਾਂ ਨੇ ਉੱਤਰੀ ਭਾਰਤ ਵਿਚ ਬਾਬੂ ਕਾਸ਼ੀ ਰਾਮ ਦੇ ਇਸ ਪ੍ਰੋਗਰਾਮ ਨੂੰ ਤਕੜਾ ਹੁੰਗਾਰਾ ਦਿਤਾ ਅਤੇ ਉਹ ਵੱਡੀ ਪੱਧਰ 'ਤੇ ਬਾਬੂ ਕਾਸ਼ੀ ਰਾਮ ਮਗਰ ਲੱਗ ਤੁਰੇ ਸਨ। ਸਿੱਟੇ ਵਜੋਂ ਬਾਬੂ ਕਾਸ਼ੀ ਰਾਮ ਇਕ ਤਕੜੀ ਸਿਆਸੀ ਧਿਰ ਬਣਕੇ ਉਭਰ ਆਇਆ ਸੀ। ਬਾਬੂ ਕਾਸ਼ੀ ਰਾਮ ਨੂੰ ਮਿਲੀ ਕਾਮਯਾਬੀ ਦਾ ਇਕ ਅਹਿਮ ਕਾਰਨ ਉਸ ਵਲੋਂ ਹਾਕਮ ਪਾਰਟੀ ਕਾਂਗਰਸ ਨੂੰ ਇਕ ਬ੍ਰਾਹਮਣਵਾਦੀ ਪਾਰਟੀ ਵਜੋਂ ਪੇਸ਼ ਕਰਨ ਅਤੇ ਉਸ ਵਿਰੁੱਧ ਦ੍ਰਿੜ ਸਟੈਂਡ ਲੈਣਾ ਸੀ। ਉਸਨੇ ਡਾਕਟਰ ਅੰਬੇਦਕਰ ਵਲੋਂ ਆਪਣੇ ਲੰਮੇ ਸਿਆਸੀ ਤਜਰਬੇ ਦੇ ਅਧਾਰ 'ਤੇ ਕੱਢੇ ਗਏ ਇਸ ਕੀਮਤੀ ਸਬਕ ਨੂੰ ਵਾਰ ਵਾਰ ਦੁਹਰਾਇਆ ਸੀ ਕਿ "ਕਾਂਗਰਸੀ ਅਤੇ ਭਲਾ-ਮਾਣਸ ਦੋ ਪਰਸਪਰ ਵਿਰੋਧੀ ਸ਼ਬਦ ਹਨ ਅਤੇ ਇਹ ਕਦੇ ਵੀ ਇਕ ਦੂਜੇ ਨਾਲ ਸੰਬੰਧਿਤ ਨਹੀਂ ਰਹੇ।"

ਪਿਛਲੇ ਦੋ ਸਾਲਾਂ ਦੌਰਾਨ ਯੂ. ਪੀ. ਅੰਦਰ ਹੋਈਆਂ ਵਖ ਵਖ ਉਪ-ਚੋਣਾਂ ਸਮੇਂ ਭਾਵੇਂ ਬਾਬੂ ਕਾਂਸ਼ੀ ਰਾਮ ਦੀ ਬਹੁ-ਜਨ ਸਮਾਜ ਪਾਰਟੀ ਨੇ ਕੋਈ ਸੀਟ ਤਾਂ ਨਹੀਂ ਜਿੱਤੀ ਪਰ ਉਸਨੇ ਵੱਡੀ ਪੱਧਰ 'ਤੇ ਵੋਟ ਪ੍ਰਾਪਤ ਕਰਕੇ ਦਿਖਾ ਦਿਤਾ ਸੀ ਕਿ ਉਹ ਯੂ. ਪੀ. ਦੀ ਸਿਆਸਤ ਨੂੰ ਕਾਫੀ ਹੱਦ ਤਕ ਪ੍ਰਭਾਵਤ ਕਰ ਸਕਣ ਦੀ ਸਮਰੱਥਾ ਰਖਦੀ ਹੈ। ਇਸਨੇ ਬ੍ਰਾਹਮਣਵਾਦੀ ਕਾਂਗਰਸੀ ਹਾਕਮਾਂ ਨੂੰ ਹੱਥ ਪੈਰਾਂ ਦੀ ਪਾ ਦਿਤੀ ਸੀ ਕਿਉਂਕਿ ਬਹੁਜਨ ਸਮਾਜ ਪਾਰਟੀ ਕਾਂਗਰਸ ਦੀਆਂ ਬ੍ਰਾਹਮਣਵਾਦੀ ਨੀਤੀਆਂ ਵਿਰੁੱਧ ਡਟਵਾਂ ਸਟੈਂਡ ਲੈ ਰਹੀ ਸੀ। ਉਹਨਾਂ ਨੂੰ ਆ ਰਹੀਆਂ ਚੋਣਾਂ ਦੇ ਸਬੰਧ ਵਿਚ ਪੈਰਾਂ ਹੇਠੋਂ ਮਿੱਟੀ ਖਿਸਕਦੀ ਲੱਗ ਰਹੀ ਸੀ। ਬਾਬੂ ਕਾਸ਼ੀ ਰਾਮ ਅਤੇ ਬਹੁਜਨ ਸਮਾਜ ਪਾਰਟੀ ਦੇ ਦੁਆਲੇ ਜੁੜੇ ਲੋਕ ਕਿਸੇ ਸਮੇਂ ਕਾਂਗਰਸ ਦਾ ਵੋਟ ਬੈਂਕ ਰਹੇ ਸਨ। ਇਸ ਵੋਟ-ਬੈਂਕ ਦੇ ਹੱਥੋਂ ਨਿਕਲਦੇ ਜਾਣ ਨੂੰ ਵੇਖਦਿਆਂ ਹੋਇਆਂ ਕਾਂਗਰਸੀ ਆਗੂਆਂ ਨੇ ਆਪਣੀ ਕਟੱ ਲਿਆਈ ਨੀਤੀ ਤਹਿਤ ਬਾਬੂ ਕਾਂਸ਼ੀ ਰਾਮ ਨੂੰ ਮਿਲਣ ਅਤੇ ਉਸਨੂੰ ਆਉਣ ਵਾਲੀਆਂ ਚੋਣਾਂ ਸਮੇਂ ਕਾਂਗਰਸ ਨਾਲ ਸੀਟਾਂ ਦੀ ਲੈ ਦੇ ਕਰਨ ਲਈ ਮਨਾਉਣਾ ਸ਼ੁਰੂ ਕੀਤਾ ਹੈ। ਕਾਂਗਰਸ-ਬਹੁਜਨ ਸਮਾਜ ਪਾਰਟੀ ਦਾ ਸਮਝੌਤਾ ਹੋ ਜਾਣ ਦੀ ਹਾਲਤ ਵਿਚ ਕਾਂਗਰਸ ਨੂੰ ਆਪਣਾ ਪੁਰਾਣਾ ਵੋਟ-ਬੈਂਕ ਇਕ ਵਾਰ ਫਿਰ ਮਿਲ ਜਾਵੇਗਾ ਅਤੇ ਉਹ ਵਿਰੋਧੀ ਧਿਰ ਨਾਲ ਮੁਕਾਬਲਾ ਕਰਨ ਲਈ ਹੋਰ ਵਧ ਲਾਹੇਵੰਦ ਹਾਲਤ ਵਿਚ ਹੋ ਜਾਵੇਗੀ।

## ਕਾਸ਼ੀ ਰਾਮ ਕੀ ਗਵਾਏਗਾ ?

ਬਾਬੂ ਕਾਸ਼ੀ ਰਾਮ ਦਾ ਵਕਾਰ ਕਾਂਗਰਸੀ ਹਾਕਮਾਂ ਦੀਆਂ ਦਲਿਤਾਂ ਅਤੇ ਧਾਰਮਕ ਘੱਟ-ਗਿਣਤੀਆਂ ਖਾਸ ਕਰ ਮੁਸਲਮਾਨਾਂ ਪ੍ਰਤੀ ਵਿਤਕਰੇ ਭਰਭੂਰ ਨੀਤੀਆਂ ਦਾ ਵਿਰੋਧ ਕਰਨ ਰਾਹੀਂ ਬਣਿਆ ਸੀ ਪਰ ਹੁਣ ਕਾਂਗਰਸ ਨਾਲ ਸੀਟਾਂ ਦੀ ਲੈ-ਦੇ ਕਰਕੇ ਉਹ ਆਪ ਹੀ ਇਸ ਵਕਾਰ ਨੂੰ ਕਾਫੀ ਤਕੜਾ ਹਰਜਾ ਪਹੁੰਚਾ ਲਵੇਗਾ। ਕਿਸੇ ਭ੍ਰਿਸ਼ਟ ਬਦਨਾਮ ਅਤੇ ਅਤਿਆਚਾਰੀ ਹਾਕਮ ਨਾਲ ਕਿਸੇ ਕਿਸਮ ਦੀ ਲੈ-ਦੇ ਕਰਨ ਵਾਲਾ ਕੋਈ ਵੀ ਵਿਅਕਤੀ ਕਦੀ ਵੀ ਬਦਨਾਮੀ ਤੋਂ ਨਹੀਂ ਬਚ ਸਕਿਆ ਅਤੇ ਬਾਬੂ ਕਾਸ਼ੀ ਰਾਮ ਵੀ ਨਹੀਂ ਬਚ ਸਕੇਗਾ। ਉਹ ਅਜਿਹਾ ਧੱਬਾ ਲਵਾ ਬੈਠੇਗਾ ਜਿਸਨੂੰ ਬਾਅਦ ਵਿਚ ਧੋਣਾ ਸ਼ਾਇਦ ਉਸਦੇ ਵੱਸ ਵੀ ਨਾ ਰਹੇ। ਦਲਿਤਾਂ ਖਾਸ ਕਰਕੇ ਧਾਰਮਿਕ ਘੱਟ ਗਿਣ-ਤੀਆਂ ਵਿਚੋਂ ਉਸਦਾ ਨਿਖੇੜਾ ਲਾਜ਼ਮੀ ਹੈ। ਜਿਹਨਾਂ ਮੁਸਲਮਾਨਾ ਨੇ ਮੇਰਠ, ਮਲਿਆਨਾ, ਅਹਿਮਦਾਬਾਦ ਵਰਗੇ ਕਿੰਨੇ ਹੀ ਥਾਵਾਂ 'ਤੇ ਰਾਜੀਵ ਜੁੰਡਲੀ ਵਲੋਂ ਭੜਕਾਏ ਗਏ ਜਨੂੰਨੀਆਂ ਅਤੇ ਪੁਲਸ, ਸੀ. ਆਰ. ਪੀ. ਵਗੈਰਾ ਦੇ ਅਤਿਆ-ਚਾਰ ਆਪਣੇ ਪਿੰਡੇ 'ਤੇ ਝੱਲੇ ਹਨ, ਜਿਨਾਂ ਨੂੰ ਬਾਬਰੀ ਮਸਜਿਦ ਦੇ ਮਸਲੇ 'ਤੇ ਲਗਾਤਾਰ ਭੜਕਾਹਟਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਨਾਂ ਦਾ ਥਾਂ, ਥਾਂ 'ਤੇ ਨੱਕ ਵਿਚ ਦਮ ਕੀਤਾ ਹੋਇਆ ਹੈ ਉਹ ਬਾਬੂ ਕਾਸ਼ੀ ਰਾਮ ਵਲੋਂ ਕਾਂਗਰਸ ਨਾਲ ਬਣਾਏ ਜਾਣ ਵਾਲੇ ਕਿਸੇ ਵੀ ਗੱਠਜੋੜ ਨੂੰ ਪਰਵਾਨ ਕਰਨ ਦੀ ਥਾਂ ਕਾਂਸੀ ਰਾਮ ਨੂੰ ਹੀ ਸਲਾਮ ਕਹਿ ਦੇਣਗੇ ਤਾਂ ਇਸ ਵਿਚ ਕੁਝ ਵੀ ਗੈਰ-ਕੁਦਰਤੀ ਨਹੀਂ ਹੋਵੇਗਾ। ਜਿਨ੍ਹਾਂ ਲੋਕਾਂ ਨੇ ਅਕਾਲ ਤਖਤ ਨੂੰ ਤੋਪਾਂ ਨਾਲ ਢਹਿੰਦਾ ਵੇਖਿਆ ਹੈ, ਜਿਨ੍ਹਾਂ ਦੇ ਮਨਾਂ ਅੰਦਰ 1984 ਦੇ ਦਿੱਲੀ ਦੰਗਿਆਂ ਦੀ ਹੌਲਨਾਕ ਯਾਦ ਸਦਾ ਸਦਾ ਲਈ ਵੱਸ ਗਈ ਹੈ, ਜੋ ਹਰ ਰੋਜ਼ ਨੌਜਵਾਨਾਂ ਨੂੰ ਪੁਲਸ ਠਾਣਿਆਂ ਅੰਦਰ ਜਿਵਾਹਾ ਹੁੰਦੇ ਦੇਖਦੇ ਹਨ ਉਹ ਕਾਂਸੀ ਰਾਮ ਵੱਲੋਂ ਕਾਂਗਰਸ ਨਾਲ ਕੀਤੀ ਜਾਣ ਵਾਲੀ ਕਿਸੇ ਵੀ ਲੈ-ਦੇ ਨੂੰ ਨਫਰਤ ਨਾਲ ਵੇਖਣਗੇ। ਜਿਹੜੇ ਦਲਿਤਾ ਮਹਾਰਾਸ਼ਟਰ ਵਿਚ ਤਰਾਂ ਤਰਾਂ ਦੇ ਅਤਿਆਚਾਰਾਂ ਨੂੰ ਝੱਲ ਰਹੇ ਹਨ, ਰਾਜਸਥਾਨ ਵਿਚ ਨਾਥਦਵਾਰਾ ਮੰਦਰ ਦੇ ਮਸਲੇ ਨੂੰ ਲੈ ਕੇ ਜਿਹਨਾਂ ਨੂੰ ਨਿਤ ਦਿਨ ਬੇਇਜਤ ਕੀਤਾ ਜਾ ਰਿਹਾ ਹੈ, ਜਿਹਨਾਂ ਨੂੰ ਬਿਹਾਰ ਵਰਗੇ ਸੂਬਿਆਂ ਅੰਦਰ ਜਿਉਂਦੇ ਹੀ ਸੜਨਾ ਪੈ ਰਿਹਾ ਹੈ। ਅਜਿਹੇ ਦਲਿਤ ਕਾਸ਼ੀ ਰਾਮ ਤੋਂ ਦੂਰ, ਕਿਤੇ ਦੂਰ ਚਲੇ ਜਾਣਗੇ। ਜਿਹਨਾਂ ਦਲਿਤਾਂ ਨੇ ਡਾ: ਅੰਬੇਦਕਰ ਦੇ ਇਸ ਕੀਮਤੀ ਸਬਕ ਨੂੰ ਕਿ "ਕਾਂਗਰਸ ਅਤੇ ਭਲਾਮਾਣਸ ਦੋ ਪਰਸਪਰ ਵਿਰੋਧੀ ਸਬਦ ਹਨ" ਨੂੰ ਘੁੱਟ ਕੇ ਪੱਲੇ ਬੰਨਿਆ ਹੋਇਆ ਹੈ ਉਹ ਕਾਸ਼ੀ ਰਾਮ ਦੇ ਨੇੜੇ ਵੀ ਨਹੀਂ ਫਟਕਣ ਲੱਗੇ। ਇਸ ਲਈ ਕਾਂਗਰਸ ਨਾਲ ਕਿਸੇ ਕਿਸਮ ਦੀ ਲੈ ਦੇ ਕਰਨ ਦੀ ਹਾਲਤ ਵਿਚ ਕੁਝ ਸੀਟਾਂ ਵਧ ਜਿੱਤਣ ਤੋਂ ਬਿਨਾਂ ਬਾਕੀ ਸਭ ਕੁਝ ਗਵਾਉਣ ਲਈ ਹੀ ਹੈ। ਕੁਝ ਸੀਟਾਂ ਹਾਸਲ ਕਰਨ ਵਾਸਤੇ ਆਪਣੇ ਸਾਰੇ ਸਿਆਸੀ ਅਸੂਲ ਦਾਅ 'ਤੇ ਲਾਅ ਦੇਣੇ ਕਦੇ ਵੀ ਸਿਆਣਪ

# ਸ੍ਰੀ ਲੰਕਾ ਅੰਦਰ ਗਏ ਭਾਰਤੀ ਫੌਜੀ ਸ਼ਾਂਤੀ ਸੈਨਿਕ ਕਿ ਵਹਿਸ਼ੀ ਜ਼ਾਲਮ ?

ਡੇਢ ਕੁ ਸਾਲ ਪਹਿਲਾਂ ਭਾਰਤੀ ਹਾਕਮਾਂ ਨੇ ਸ੍ਰੀ ਲੰਕਾ ਅੰਦਰਲੀ ਤਾਮਿਲ ਕੌਮ ਦੀ ਮੁਕਤੀ ਲਈ ਰੀਝ ਅਤੇ ਜਦੋ-ਜਹਿਦ ਨੂੰ ਕੁਚਲਣ ਲਈ ਵੱਡੀ ਪੱਧਰ 'ਤੇ ਫੌਜ ਚਾੜ ਦਿਤੀ ਸੀ। ਭਾਰਤੀ ਹਾਕਮਾਂ ਨੂੰ ਭਰਮ ਸੀ ਅਤੇ ਉਹਨਾਂ ਨੇ ਹੁਬ ਹੁਬ ਕੇ ਦਾਅਵੇ ਵੀ ਕੀਤੇ ਸਨ ਕਿ ਉਹ ਕੁਝ ਹਫਤਿਆਂ ਅੰਦਰ ਹੀ ਲੰਕਾ ਦੇ ਤਾਮਿਲ ਖੇਤਰਾਂ ਅੰਦਰ 'ਸ਼ਾਂਤੀ' ਸਥਾਪਤ ਕਰਕੇ ਵਾਪਸ ਆ ਜਾਣਗੇ। ਭਾਰਤੀ ਹਾਕਮਾਂ ਦੀ ਬੋਲੀ ਵਿਚ ਕਿਸੇ ਕੌਮੀ ਮੁਕਤੀ ਘੋਲ ਨੂੰ ਖੂਨ ਵਿਚ ਡੋਬ ਸੁਟਣ ਨੂੰ "ਸ਼ਾਂਤੀ ਸਥਾਪਤ ਕਰਨਾ" ਕਿਹਾ ਜਾਂਦਾ ਹੈ। ਇਸੇ ਕਰਕੇ ਉਹਨਾਂ ਨੇ ਤਾਮਿਲ ਇਲਾਕਿਆਂ ਅੰਦਰ ਭੇਜੀ ਫੌਜ ਨੂੰ "ਭਾਰਤੀ ਸ਼ਾਂਤੀ ਸਥਾਪਕ ਸੈਨਾ" (Indian Peace Keeping Force) ਕਿਹਾ ਸੀ। ਇਸ "ਸ਼ਾਂਤੀ ਸੈਨਾ" ਦੀਆਂ ਕਾਰਵਾਈਆਂ ਬਾਰੇ ਮਨੁੱਖੀ ਅਧਿਕਾਰਾਂ ਨਾਲ ਸਬੰਧਤ ਜਥੇਬੰਦੀਆਂ ਜਾਂ ਨਿਰਪੱਖ ਪੱਤਰਕਾਰਾ ਦੀਆ ਜਿੰਨੀਆਂ ਵੀ ਰਿਪੋਰਟਾਂ ਹੁਣ ਤੱਕ ਸਾਹਮਣੇ ਆਈਆਂ ਹਨ ਉਹ ਇਹ ਵੀ ਦਿਖਾਉਂਦੀਆਂ ਹਨ ਕਿ ਭਾਰਤੀ ਫੌਜੀ "ਸ਼ਾਂਤੀ ਸੈਨਿਕਾਂ" ਦੇ ਪਰਦੇ ਹੇਠ ਛੁਪੇ ਵਹਿਸ਼ੀ ਅਤੇ ਖੂੰਖਾਰ ਜਾਨਵਰ ਹਨ। ਭਾਵੇਂ ਭਾਰਤੀ ਹਾਕਮਾਂ ਨੇ ਆਪਣੇ ਸੁਭਾਅ ਮੁਤਾਬਕ ਇਹਨਾਂ ਰਿਪੋਰਟਾਂ ਨੂੰ ਮੰਨਣ ਤੋਂ ਇਨਕਾਰ ਕਰ ਦਿਤਾ ਹੈ, ਜਿਵੇਂ ਕਿ ਉਹ ਪੰਜਾਬ ਅੰਦਰ ਝੂਠੇ ਪੁਲਸ ਮੁਕਾਬਲਿਆਂ ਤੋਂ ਇਨਕਾਰੀ ਹਨ ਪਰ ਉਹ ਸ਼ੱਕ ਨੂੰ ਛੁਪਾ ਨਹੀਂ ਸਕਦੇ। ਹੇਠਾਂ ਅਸੀਂ ਕੁਝ "ਸ਼ਾਂਤੀ ਸੈਨਿਕਾਂ" ਦੇ ਨਾਮ, ਉਹਨਾਂ ਦੀਆਂ ਰਜਮੈਂਟਾ ਦੇ ਨਾਮ ਉਹਨਾਂ ਦੀਆਂ ਕਾਲੀਆਂ ਕਰਤੂਤਾਂ ਦੇ ਕੁਝ ਕੇਸ ਪੇਸ਼ ਕਰ ਰਹੇ ਹਾਂ ਅਤੇ ਭਾਰਤੀ ਹਾਕਮਾਂ ਨੂੰ ਚੈਲੰਜ ਕਰਦੇ ਹਾਂ ਕਿ ਉਹ ਇਕ ਵੀ ਕੇਸ ਨੂੰ ਝੂਠਾ ਸਾਬਤ ਕਰਕੇ ਦਿਖਾਉਣ।

★ 21 ਨਵੰਬਰ 1987 ਨੂੰ 270 ਇੰਜੀਨੀਅਰ ਰਜਮੈਂਟ ਦੇ ਨੈਕ ਬਲਦੇਵ ਸਿੰਘ ਨੇ ਟਰਿਨਕਮਲੀ ਦੇ ਨੇੜੇ ਸੱਤ ਸਧਾਰਨ ਸ਼ਹਿਰੀਆਂ ਨੂੰ ਗੋਲੀਆਂ ਨਾਲ ਉਡਾ ਦਿਤਾ ਅਤੇ ਚਾਰ ਹੋਰਾਂ ਨੂੰ ਜ਼ਖਮੀ ਕਰ ਦਿਤਾ। ਇਹਨਾਂ ਗਿਆਰਾਂ ਮਾਸੂਮਾਂ ਨੇ ਕੋਈ ਵੀ ਅਜਿਹੀ ਗੱਲ ਨਹੀਂ ਸੀ ਕੀਤੀ ਜੋ ਬਲਦੇਵ ਸਿੰਘ ਲਈ ਭੜਕਾਹਟ ਦਾ ਕਾਰਨ ਬਣਦੀ। ਇਹਨਾਂ ਦਾ ਕਸੂਰ ਸਿਰਫ ਇਹ ਹੀ ਸੀ ਕਿ ਇਹਨਾ ਦੀ ਕੌਮ ਦੇ ਜੁਝਾਰੂਆ ਦੀ ਇਕ ਟੋਲੀ ਨੇ ਇਕ ਦਿਨ ਪਹਿਲਾਂ "ਸ਼ਾਂਤੀ ਸੈਨਿਕਾਂ" ਦੀ ਉਸ ਟੁਕੜੀ ਸਾਹਮਣੇ ਹਥਿਆਰ ਸੁਟਣ ਤੋਂ ਇਨਕਾਰ ਕਰ ਦਿਤਾ ਸੀ ਜਿਸ ਵਿਚ ਬਲਦੇਵ ਸਿੰਘ ਦੀ ਇਕ ਨਜ਼ਦੀਕੀ ਰਿਸ਼ਤੇਦਾਰ ਸ਼ਾਮਲ ਸੀ ਅਤੇ ਬਹਾਦਰੀ ਨਾਲ ਮੁਕਾਬਲਾ ਕਰਦੀ ਬਚ ਨਿਕਲੀ ਸੀ। ਮੁਕਾਬਲੇ ਵਿਚ ਹੋਰਨਾਂ ਤੋਂ ਇਲਾਵਾ ਬਲਦੇਵ ਸਿੰਘ ਦਾ ਰਿਸ਼ਤੇਦਾਰ ਵੀ ਮਾਰਿਆ ਗਿਆ ਸੀ।

★ 27 ਮਈ 1988 ਨੂੰ 12 ਗਰੇਨੇਡੀਅਰ ਰਜਮੈਂਟ ਦੇ ਛਾਤੂਰ ਲਾਲ ਅਤੇ ਬਾਬੂ ਲਾਲ ਨਾਮੀਂ ਫੌਜੀਆਂ ਨੇ ਇਕ ਵਿਆਹੀ-ਵਰੀ ਔਰਤ ਨਾਲ ਜਬਰਦਸਤੀ ਕੀਤੀ। ਇਸ ਘਟਨਾ ਬਾਰੇ ਭਾਵੇਂ ਇਕ ਕਾਲਜ ਦੇ ਵਾਈਸ ਪ੍ਰਿੰਸੀਪਲ ਨੇ ਵੀ

(17 ਦੀ ਬਾਕੀ)

ਨਹੀਂ ਹੁੰਦੀ। ਅਸੂਲ ਸਦਾ ਹੀ ਪਾਰਲੀਮੈਂਟ ਦੀਆਂ ਕਿੰਨੀਆਂ ਵੀ ਸੀਟਾਂ ਨਾਲੋਂ ਵਧ ਕੀਮਤੀ ਹੁੰਦੇ ਹਨ।

ਜੇ ਕਾਸ਼ੀ ਰਾਮ ਦਾ ਇਹ ਖਿਆਲ ਹੈ ਕਿ ਉਹ ਪਾਰਲੀਮੈਂਟ ਵਿਚ ਵਧ ਸੀਟਾਂ ਲਿਜਾ ਕੇ ਦਲਿਤਾ ਦੇ ਹੱਕਾਂ ਦੀ ਵਧ ਚੰਗੀ ਤਰਾਂ ਰਾਖੀ ਕਰ ਸਕਦਾ ਹੈ ਤਾਂ ਇਹ ਉਸਦੀ ਗਲਤ ਫਹਿਮੀ ਹੈ। ਦਲਿਤਾਂ ਦੇ ਹਿਤਾਂ ਦੀ ਰਾਖੀ ਪਾਰਲੀਮੈਂਟ ਅੰਦਰ 10–15 ਸੀਟਾਂ ਵਧ ਲਿਜਾਣ ਨਾਲ ਨਹੀਂ ਹੋ ਸਕਦੀ ਇਹ ਤਾਂ ਉਹਨਾਂ ਦੀ ਜਥੇਬੰਦਕ ਤਾਕਤ ਨਾਲ ਹੀ ਹੋਣੀ ਹੈ ਪਰ ਜਿਵੇਂ ਅਸੀਂ ਉਪਰ ਦਲੀਲਾਂ ਦਿਤੀਆਂ ਹਨ, ਕਾਂਗਰਸੀ ਹਾਕਮਾਂ ਨਾਲ ਕਿਸੇ ਵੀ ਕਿਸਮ ਦੇ ਸਬੰਧ ਬਨਾਣ ਦੇ ਕੇਸ ਵਿਚ ਇਹ ਤਾਕਤ ਖਿੰਡ ਜਾਵੇਗੀ ਉਲਟਾ ਦਲਿਤਾਂ ਅੰਦਰ ਲੀਡਰਸ਼ਿਪ ਪ੍ਰਤੀ ਕਈ ਤਰਾਂ ਦੇ ਸ਼ੰਕੇ, ਬੇ-ਵਿਸ਼ਵਾਸ਼ੀਆਂ ਪੈਦਾ ਹੋ ਜਾਣਗੀਆਂ ਅਤੇ ਉਹ ਤਰਾਂ ਤਰਾਂ ਦੇ ਭੰਬਲ ਭੂਸਿਆਂ ਵਿਚ ਪੈ ਜਾਣਗੇ।

ਜਿਥੋਂ ਤਕ ਵੀ.ਪੀ. ਸਿੰਘ ਵਾਲੇ ਗਠਜੋੜ ਦਾ ਸਬੰਧ ਹੈ, ਇਹ ਗਠਜੋੜ ਵੀ ਬਰਾਹਮਣਵਾਦੀ ਤਾਕਤਾਂ ਦਾ ਹੀ ਗਠਜੋੜ ਹੈ। ਕੋਈ ਵੀ ਸਮਝਦਾਰ ਵਿਅਕਤੀ ਕਿਸੇ ਨੂੰ ਵੀ ਅਜਿਹੇ ਗਠਜੋੜ ਨਾਲ ਨੇੜਤਾ ਵਧਾਉਣ ਜਾਂ ਚੋਣਾਂ ਸਮੇਂ ਸਾਂਝ ਪਾਉਣ ਦੀ ਸਲਾਹ ਨਹੀਂ ਦੇਵੇਗਾ। ਇਹ ਵੀ ਸੱਪ ਹਨ ਅਤੇ "ਸੱਪਾਂ ਦੇ ਪੁੱਤ ਕਦੇ ਕਿਸੇ ਦੇ ਮਿੱਤ ਨਹੀਂ ਹੁੰਦੇ।" ਜੇ ਕੋਈ ਵਿਅਕਤੀ ਇਹ ਚੋਣ ਕਰਨ ਲੱਗ ਪਵੇ ਭਈ ਮੈਂ ਸੱਪਾਂ ਦੀ ਇਸ ਕਿਸਮ ਤੋਂ ਨਹੀਂ ਮਰਨਾ, ਉਸ ਕਿਸਮ ਤੋਂ ਮਰਨਾ ਹੈ, ਜਿਵੇਂ ਕਿ ਕਾਸੀ ਰਾਮ ਕਰ ਰਿਹਾ ਹੈ ਤਾਂ ਉਸਨੂੰ ਕੋਈ ਵੀ ਸਿਆਣਾ ਨਹੀਂ ਕਹੇਗਾ।

(ਨੋਟ : ਇਸ ਲਿਖਤ ਦੇ ਜਵਾਬ ਵਿਚ ਆਉਣ ਵਾਲੀ ਕਿਸੇ ਵੀ ਲਿਖਤ ਅਸੀਂ ਅਗਲੇ ਅੰਕ ਵਿਚ ਛਾਪਣ ਲਈ ਵਚਨਬੱਧ ਹਾਂ। ਸ਼ਰਤ ਸਿਰਫ ਇਹ ਹੀ ਹੈ ਕਿ ਲਿਖਤ ਦੋ ਜਾਂ ਤਿੰਨ ਸਫਿਆਂ ਤੋਂ ਵੱਧ ਨਹੀਂ ਹੋਣੀ ਚਾਹੀਦੀ। ਪੇਪਰ ਦੇ ਸਾਈਜ਼ ਨੂੰ ਧਿਆਨ ਵਿਚ ਰਖਦਿਆਂ ਲੰਮੀ ਲਿਖਤ ਨੂੰ ਸੰਪਾਦਿਤ ਕਰਨਾ ਸਾਡੀ ਮਜਬੂਰੀ ਹੋਵੇਗੀ—ਸੰਪਾਦਕ) ○

ਸ਼ਿਕਾਇਤ ਕੀਤੀ ਸੀ ਪਰ ਫੌਜੀ ਅਫਸਰਾਂ ਨੇ ਉਦੋਂ ਹੀ ਇਸਦਾ ਨੋਟਿਸ ਲਿਆ ਜਦੋਂ ਸਥਾਨਕ ਲੋਕਾਂ ਨੇ ਇਕੱਠੇ ਹੋਕੇ ਸਾਰੀ ਦੀ ਸਾਰੀ ਸ਼ਾਂਤੀ ਸੈਨਾ ਦਾ ਸਿਆਪਾ ਕਰਨਾ ਸ਼ੁਰੂ ਕਰ ਦਿੱਤਾ।

★ 12 ਗਰੇਨੇਡੀਅਰਜ਼ ਦੇ ਹੀ ਇਕ ਹੋਰ "ਸ਼ਾਂਤੀ ਸੈਨਿਕ" ਖੇਮ ਰਾਜ ਨੇ 1 ਫਰਵਰੀ 1988 ਨੂੰ ਜਾਫਨਾ ਦੇ ਇਕ ਇਲਾਕੇ ਵਿਚ ਘਰ-ਘਰ ਦੀ ਤਲਾਸ਼ੀ ਦੌਰਾਨ ਇਕ ਹੋਰ ਔਰਤ ਨਾਲ ਜਬਰ ਜਿਨਾਹ ਕੀਤਾ।

★ 14 ਸਿੱਖ ਲਾਈਟ ਇਨਫੈਂਟਰੀ ਦੇ ਸਿਪਾਹੀ ਕਰਨੈਲ ਸਿੰਘ ਨੇ 17 ਦਸੰਬਰ 1987 ਨੂੰ ਇਕ ਪਿੰਡ ਵਿਚ ਤਲਾਸ਼ੀਆਂ ਦੌਰਾਨ ਇਕ ਹੋਰ ਔਰਤ ਨਾਲ ਜਬਰਦਸਤੀ ਕੀਤੀ।

★ 93 ਫੀਲਡ ਰਜਮੈਂਟ ਦੇ ਏ. ਮਨੀ ਨੇ 24 ਦਸੰਬਰ 1987 ਨੂੰ ਇਕ ਹੋਰ ਪਿੰਡ ਵਿਚ ਕਰਨੈਲ ਸਿੰਘ ਵਾਲਾ ਹੀ ਕਾਰਾ ਕੀਤਾ।

★ 16 ਸਿੱਖ ਰਜਮੈਂਟ ਦੇ ਨੈਕ ਕੁਲਵੰਤ ਸਿੰਘ ਨੇ 13 ਜਨਵਰੀ 1988 ਨੂੰ ਤਲਾਸ਼ੀਆਂ ਸਮੇਂ ਇਕ ਘਰ ਵਿਚੋਂ ਕਈ ਗਹਿਣੇ ਲੁੱਟ ਲਏ।

★ 5 ਰਾਜਪੂਤਾਨਾ ਰਜਮੈਂਟ ਦੇ ਛੇ 'ਜਵਾਨਾਂ' ਨੇ 11 ਅਪ੍ਰੈਲ 1988 ਨੂੰ ਵਿਸਮਦੂ ਪਿੰਡ ਵਿਚ ਚਾਰ ਔਰਤਾਂ ਨੂੰ ਆਪਣੀ ਹਵਸ਼ ਦਾ ਸ਼ਿਕਾਰ ਬਣਾ ਲਿਆ। ਬੇਸ਼ਰਮੀ ਦੀ ਹੱਦ ਇਹ ਹੈ ਕਿ ਫੌਜੀ ਅਫਸਰ ਕਹਿ ਰਹੇ ਹਨ ਕਿ ਇਹ ਔਰਤਾਂ ਹੀ ਖਰਾਬ ਸਨ ਅਤੇ ਇਹਨਾਂ ਨੇ ਉਹਨਾਂ ਦੇ 'ਜਵਾਨਾਂ' ਨੂੰ ਫਸਾਇਆ।

★ 18 ਗੜਵਾਲ ਰਾਈਫਲਜ਼ ਦੇ ਨੈਕ ਬਨਵਾਰੀ ਲਾਲ ਅਤੇ ਰਾਈਫਲਮੈਨ ਗੁਗਾਂ ਰਾਮ ਨੇ 25 ਦਸੰਬਰ 1987 ਨੂੰ ਇਕ ਸ਼ਾਦੀ-ਸ਼ੁਦਾ ਔਰਤ ਨਾਲ ਧੱਕਾ ਕਰਨ ਦੀ ਕੋਸ਼ਿਸ਼ ਕੀਤੀ।

★ ਇਨਫੈਂਟਰੀ ਬ੍ਰਿਗੇਡ ਹੈਡ ਕੁਆਟਰ ਦੇ ਹਵਾਲਦਾਰ ਬਾਦਮ ਸਿੰਘ ਨੇ ਜਨਵਰੀ ਮਹੀਨੇ ਵਿਚ ਜਾਫਨਾ ਕਿਲੇ ਅੰਦਰ ਕੈਦ ਚਾਰ ਮੁੰਡਿਆਂ ਨਾਲ ਖੇਹ ਖਰਾਬੀ ਕੀਤੀ।

ਸਾਡਾ ਦਾਅਵਾ ਹੈ ਕਿ ਝੂਠ ਅਤੇ ਪਾਪਾਂ ਦੇ ਵਜੂਦ ਭਾਰਤੀ ਹਾਕਮ, ਜੋ ਵੱਡੇ ਤੋਂ ਵੱਡੇ ਸੱਚ ਨੂੰ ਝੂਠ ਬਣਾ ਕੇ ਪੇਸ਼ ਕਰਨ 'ਚ ਮਾਹਰ ਹਨ। ਇਹਨਾਂ ਕੇਸਾਂ ਵਿਚੋਂ ਇਕ ਤੋਂ ਵੀ ਇਨਕਾਰ ਕਰਨ ਦੀ ਜੁਰਅਤ ਨਹੀਂ ਕਰ ਸਕਣਗੇ। ਫੌਜੀ ਅਫਸਰ ਆਪ ਵੀ ਇਹਨਾ ਸਾਰੇ ਕੇਸਾਂ ਦੀ ਪੜਤਾਲ ਕਰਕੇ ਇਹਨਾਂ ਬਾਰੇ ਸੱਚ ਨੂੰ ਜਾਣ ਚੁਕੇ ਹਨ। ਅਤੇ ਇਹਨਾਂ ਪੜਤਾਲਾਂ ਦੀਆਂ ਰਿਪੋਰਟਾਂ ਨੂੰ ਛੁਪਾਉਣਾ ਹੁਣ ਹਾਕਮਾਂ ਜਾਂ ਫੌਜੀ ਅਫਸਰਾਂ ਦੇ ਆਪਣੇ ਵੀ ਵੱਸ ਦਾ ਰੋਗ ਨਹੀਂ ਰਿਹਾ।

ਉਪਰ ਦਿੱਤੇ ਗਏ ਕੇਸ ਤਾਂ ਇਕ ਦਾਲ ਦੇ ਪਤੀਲੇ ਵਿਚੋਂ ਕੁਝ ਦਾਣਿਆਂ ਮਾਤਰ ਹਨ। ਕਿਸੇ ਨਿਰਪੱਖ ਕੌਮਾਂਤਰੀ ਕਮਿਸ਼ਨ ਵੱਲੋਂ ਕੀਤੀ ਗਈ ਪੜਤਾਲ ਕਿਤੇ ਵੱਧ ਦਿਲ-ਹਲਾਊ ਹਕੀਕਤ ਨੂੰ ਸਾਹਮਣੇ ਲਿਆ ਸਕਦੀ ਹੈ।

ਭਾਰਤੀ ਉਪ-ਮਹਾਂਦੀਪ ਅੰਦਰਲੀਆਂ ਸਾਰੀਆਂ ਕੌਮਾਂ, ਖਾਸ ਕਰਕੇ ਮੁਕਤੀ ਲਈ ਜੂਝ ਰਹੀਆਂ ਕੌਮਾਂ—ਜਿਹਨਾਂ 'ਤੇ ਕਿਸੇ ਵੀ ਵੇਲੇ ਭਾਰਤੀ ਫੌਜ ਦੇ ਟੁੱਟ ਪੈਣ ਦਾ ਡਰ ਬਣਿਆ ਹੋਇਆ ਹੈ—ਨੂੰ "ਭਾਰਤੀ ਸ਼ਾਂਤੀ ਸੈਨਾ" ਦੇ ਸ੍ਰੀ ਲੰਕਾ ਅੰਦਰਲੇ ਪਸ਼ੂ-ਪੁਣੇ ਦਾ ਜੋਰਦਾਰ ਵਿਰੋਧ ਕਰਨਾ ਚਾਹੀਦਾ ਹੈ ਅਤੇ ਤਾਮਲ ਕੌਮ ਦੀ ਆਪਾ-ਨਿਰਣੇ ਦੀ ਮੰਗ ਦੀ ਡਟਵੀਂ ਹਮਾਇਤ ਕਰਨੀ ਚਾਹੀਦੀ ਹੈ। ਭਾਰਤੀ ਫੌਜ ਦੇ ਮੂੰਹ ਨੂੰ ਇਕ ਵਾਰ ਲਗਿਆ ਖੂਨ ਕੱਲ ਨੂੰ ਉਹਨਾਂ ਲਈ ਵੀ ਵੱਡੀਆਂ ਬਿਪਤਾਵਾਂ ਦਾ ਕਾਰਣ ਬਣ ਸਕਦਾ ਹੈ। ○

# ਮਾਲਦੀਵ 'ਤੇ ਭਾਰਤੀ ਹਮਲੇ ਦਾ ਵਿਰੋਧ ਕਰੋ !

[ਸੀ. ਆਰ. ਸੀ., ਸੀ.ਪੀ.ਆਈ. (ਮ ਲ) ਦੇ ਜਨਰਲ ਸਕੱਤਰ ਦਾ ਮਾਲਦੀਵ ਬਾਰੇ ਇਹ ਬਿਆਨ ਸਾਨੂੰ ਜ਼ਰਾ ਪੱਛੜ ਕੇ ਮਿਲਿਆ ਹੈ। ਪਰ ਅਜ ਵੀ ਇਸਦੀ ਸਿਆਸੀ ਅਹਿਮੀਅਤ ਸਮਝਦਿਆਂ ਅਸੀਂ ਇਸਨੂੰ ਛਾਪ ਰਹੇ ਹਾਂ।—ਸੰਪਾਦਕ]

ਅੰਦਰੂਨੀ ਸੰਕਟ ਦੌਰਾਨ ਉਲਟਾਈ ਗਈ ਹਕੂਮਤ ਦੀ ਬੇਨਤੀ ਦੇ ਨਾਂ 'ਤੇ ਮਾਲਦੀਵ ਵਿਚ ਭਾਰਤੀ ਫੌਜਾਂ ਨੂੰ ਭੇਜਣਾ ਅਸਲ ਵਿਚ ਇਕ ਹਮਲਾਵਰ ਕਾਰਵਾਈ ਹੈ। ਕਿਸੇ ਦੇਸ਼ ਦੀ ਹਕੂਮਤ ਨੂੰ ਚੁਣਨ ਜਾਂ ਰੱਦ ਕਰਨ ਦਾ ਹੱਕ ਸਿਰਫ ਉਸ ਦੇਸ਼ ਦੇ ਲੋਕਾਂ ਨੂੰ ਹੈ। ਇਥੋਂ ਤਕ ਕਿ ਜੇ ਅਸੀਂ ਸਿਰਫ ਭਾਰਤ ਸਰਕਾਰ ਵਲੋਂ ਦਿੱਤੀ ਗਈ ਜਾਣਕਾਰੀ 'ਤੇ ਭਰੋਸਾ ਕਰ ਲਈਏ ਤਾਂ ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ ਮਾਲਦੀਵ ਵਿਚ ਸੰਕਟ ਸਿਰਫ ਬਿਦੇਸ਼ੀ ਤੱਤਾਂ ਵਲੋਂ ਪੈਦਾ ਕੀਤਾ ਗਿਆ ਸੀ। ਇਸ ਲਈ ਭਾਰਤ ਵਿਚਲੇ ਸਾਰੇ ਜਮਹੂਰੀ ਲੋਕਾਂ ਨੂੰ ਭਾਰਤੀ ਹਾਕਮਾਂ ਵਲੋਂ ਮਾਲਦੀਵ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਦੇਣ ਵਿਰੁੱਧ ਰੋਸ ਪਰਗਟ ਕਰਨਾ ਚਾਹੀਦਾ ਹੈ ਅਤੇ ਸਪਸ਼ਟ ਤੌਰ 'ਤੇ ਐਲਾਨ ਕਰਨਾ ਚਾਹੀਦਾ ਹੈ ਕਿ ਉਹ ਇਸਦੀ ਹਿਮਾਇਤ ਨਹੀਂ ਕਰਦੇ।

ਸ੍ਰੀ ਲੰਕਾ ਸਰਕਾਰ ਨਾਲ ਸਮਝੌਤਾ ਕਰਨ ਦੇ ਨਾਂ 'ਤੇ ਸ੍ਰੀ ਲੰਕਾ ਉਤੇ ਹਮਲੇ ਦਾ ਸ੍ਰੀ ਲੰਕਾ ਦੀਆਂ ਬਹੁਗਿਣਤੀ ਪਾਰਟੀਆਂ ਅਤੇ ਲੋਕਾਂ ਨੇ ਵਿਰੋਧ ਕੀਤਾ ਹੈ। ਪਰ ਭਾਰਤੀ ਧਾੜਵੀ ਫੌਜ ਅਜੇ ਵੀ ਉਥੇ ਰਹਿ ਰਹੀ ਹੈ। ਅਸੀਂ ਸਾਰੇ ਜਮਹੂਰੀ ਲੋਕਾਂ ਨੂੰ ਸੱਦਾ ਦੇਂਦੇ ਹਾਂ ਕਿ ਇਸਦੇ ਮਾਲਦੀਵ ਵਿਚ ਮੁੜ ਦੁਹਰਾਏ ਜਾਣ ਦਾ ਵੀ ਵਿਰੋਧ ਕਰਨ ਅਤੇ ਭਾਰਤੀ ਫੌਜ ਦੇ ਤੁਰਤ ਵਾਪਸ ਬੁਲਾਏ ਜਾਣ ਦੀ ਮੰਗ ਕਰਨ।

ਸ੍ਰੀ ਲੰਕਾ ਵਾਂਗ ਹੀ ਮਾਲਦੀਵ ਦੀਆਂ ਘਟਨਾਵਾਂ ਨੇ ਇਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਅਮਰੀਕੀ ਸਾਮਰਾਜਵਾਦ ਅਤੇ ਸੋਵੀਅਤ ਸਮਾਜਿਕ ਸਾਮਰਾਜਵਾਦ ਦੋਵੇਂ ਦੱਖਣੀ ਏਸ਼ੀਆ ਵਿਚ ਭਾਰਤੀ ਹਾਕਮ ਜਮਾਤਾਂ ਦੇ ਪਸਾਰਵਾਦੀ ਸੁਪਨੇ ਪੂਰੇ ਕਰਨ ਦੀਆਂ ਇਕੋ ਜਿੰਨੀਆਂ ਹਿਮਾਇਤੀ ਹਨ। ਅਸੀਂ ਸਾਰੇ ਜਮਹੂਰੀਅਤ ਪਸੰਦਾਂ ਨੂੰ ਸੱਦਾ ਦੇਂਦੇ ਹਾਂ ਕਿ ਦੱਖਣੀ ਏਸ਼ੀਆ ਵਿਚ ਦਾਦੇ (ਸਰਗਣੇ) ਦਾ ਰੋਲ ਧਾਰਨ ਕਰ ਰਹੀ ਭਾਰਤੀ ਫੌਜ ਦੀਆਂ ਹੋਰ ਹਮਲਾਵਰ ਕਾਰਵਾਈਆਂ ਵਿਰੁੱਧ ਸੁਚੇਤ ਰਹਿਣ।

ਕੇ. ਵੇਣੂ, ਸਕੱਤਰ
ਸੀ.ਆਰ.ਸੀ., ਸੀ.ਪੀ.ਆਈ. (ਮ ਲ)

# ਮਨਜੀਤ ਸਿੰਘ ਕਲਕੱਤਾ ਦੀ ਆਤਮ ਬਿਆਨੀ

ਗੁਰਚਰਨ ਸਿੰਘ ਟੌਹੜਾ, ਪ੍ਰਕਾਸ਼ ਸਿੰਘ ਬਾਦਲ, ਸੁਖਜਿੰਦਰ ਸਿੰਘ, ਠੇਕੇਦਾਰ ਸੁਰਜਨ ਸਿੰਘ ਤੇ ਕੁਲਦੀਪ ਸਿੰਘ ਵਡਾਲਾ ਵਰਗੇ ਅਕਾਲੀ ਆਗੂਆਂ ਦੇ ਜੇਲ੍ਹਾਂ 'ਚ ਜਾਣ ਤੋਂ ਬਾਦ ਇਕ ਮਨਜੀਤ ਸਿੰਘ ਕਲਕੱਤਾ ਨਾਂ ਦਾ ਸਖਸ਼ ਸਿੱਖ ਸਿਆਸਤ 'ਚ ਸਾਹਮਣੇ ਆ ਰਿਹਾ ਹੈ। ਇਹ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਦੇ ਨਾਲ ਨਾਲ ਭਾਨ ਸਿੰਘ ਤੋਂ ਬਾਦ ਸ਼੍ਰੋਮਣੀ ਕਮੇਟੀ ਦਾ ਵੀ ਸਕੱਤਰ ਬਣ ਗਿਆ ਹੈ। ਸਾਕਾ ਕਾਲੀ ਗਰਜ਼ ਤੋਂ ਬਾਦ ਸ਼੍ਰੋਮਣੀ ਕਮੇਟੀ ਵਲੋਂ ਦਰਬਾਰ ਸਾਹਿਬ ਦਾ ਕਬਜਾ ਲੈਣ ਦੇ ਨਾਂ 'ਤੇ ਸਿਖ ਭਾਈਚਾਰੇ ਦੇ ਪੱਖ ਤੋਂ ਜਿੰਨੇ ਵੀ ਜਲਾਲਤ ਭਰੇ ਸਮਝੌਤੇ ਸਰਕਾਰ ਨਾਲ ਕੀਤੇ ਗਏ ਹਨ ਉਨ੍ਹਾਂ ਸਾਰਿਆਂ ਵਿਚ ਮਨਜੀਤ ਸਿੰਘ ਕਲਕੱਤਾ ਦਾ ਰੋਲ ਮੁੱਖ ਰਿਹਾ ਹੈ। ਅੱਜ ਸਮੁੱਚਾ ਸਿੱਖ ਭਾਈਚਾਰਾ ਇਸ ਵਿਅਕਤੀ ਦੇ ਸਿਆਸੀ ਕਿਰਦਾਰ ਬਾਰੇ ਜਾਨਣ ਲਈ ਉਤਾਵਲਾ ਹੈ। ਇਹ ਸਿੱਖ ਖਾੜਕੂਆਂ ਨੂੰ ਕੀ ਸਮਝਦਾ ਹੈ? ਸੈਂਕੜੇ ਸਿੱਖ ਨੌਜਵਾਨਾਂ ਦੇ ਖੂਨ 'ਚ ਹੱਥ ਰੰਗਣ ਵਾਲੇ ਤੇ ਸਿੱਖ ਭਾਈਚਾਰੇ ਨੂੰ ਜਲੀਲ ਕਰਨ ਵਾਲੇ ਸਾਰੇ ਸਿੱਖ ਜਗਤ ਦੀ ਘੋਰ ਨਫ਼ਰਤ ਦਾ ਪਾਤਰ ਬਣੇ ਪੰਜਾਬ ਦੇ ਸੂਬੇਦਾਰ ਸਿਧਾਰਥ ਸ਼ੰਕਰ ਰੇਅ ਨਾਲ ਇਸਦੇ ਕੀ ਸਬੰਧ ਹਨ? ਇਨ੍ਹਾਂ ਬਾਰੇ ਇਸਨੇ 11 ਦਸੰਬਰ 1988 ਦੇ ਸੰਡੇ ਆਬਜ਼ਰਵਰ 'ਚ ਕੁਝ ਆਤਮ ਬਿਆਨੀਆਂ ਕੀਤੀਆਂ ਹਨ।

ਖਾੜਕੂਆਂ ਬਾਰੇ ਇਸਦਾ ਕਥਨ ਹੈ ਕਿ, "ਅਕਾਲੀ ਦਲ ਵਲੋਂ ਦਹਿਸ਼ਤ ਗਰਦਾਂ ਦੀ ਸਹਾਇਤਾ ਬਾਰੇ ਗੱਲਾਂ ਕੀਤੀਆਂ ਜਾਂਦੀਆਂ ਹਨ। ਮੈਂ ਦਸਣਾ ਚਾਹੁੰਦਾ ਹਾਂ ਕਿ ਕਾਂਗਰਸ ਜਾਂ ਕਮਿਊਨਿਸਟ ਨਹੀਂ ਸਗੋਂ ਅਕਾਲੀ ਦਲ ਹੀ ਹੈ ਜਿਹੜਾ ਦਹਿਸ਼ਤ ਗਰਦਾਂ ਨਾਲ ਲੜ ਰਿਹਾ ਹੈ। ਸਰਕਾਰ ਅੱਤਵਾਦੀਆਂ ਨਾਲ ਸਿਰਫ ਝੂਠੀ ਮੂਠੀ ਲੜਾਈ ਹੀ ਲੜ ਰਹੀ ਹੈ।"

ਹੈ ਨਾ ਦਿਲਚਸਪ ਗੱਲ! ਹਰ ਰੋਜ਼ 10 ਤੋਂ ਲੈਕੇ 15 ਤਕ ਸਿੱਖ ਨੌਜਵਾਨ ਅੱਤਵਾਦੀਆਂ ਤੇ ਉਨ੍ਹਾਂ ਨੂੰ ਸ਼ਰਨ ਦੇਣ ਦੇ ਨਾਂ ਹੇਠ ਤਸੀਹਾਂ ਕੇਂਦਰਾਂ 'ਚ ਕੋਹੇ ਤੇ ਜੇਲ੍ਹਾਂ 'ਚ ਤੂੰਨੇ ਜਾ ਰਹੇ ਹਨ! ਨਿੱਤ ਦਿਨ ਸਿੱਖ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿਚ ਕਤਲ ਕੀਤਾ ਜਾ ਰਿਹਾ ਹੈ। ਪੰਜਾਬ ਦੇ ਚੱਪੇ ਚੱਪੇ 'ਤੇ ਤਾਇਨਾਤ ਸੀ. ਆਰ. ਪੀ. ਤੇ ਬੀ. ਐਸ.ਐਫ. ਤੇ ਹੋਰ ਅਨੇਕਾਂ ਅਰਧ ਸੈਨਿਕ ਦਲ ਸਿੱਖ ਭਾਈਚਾਰੇ ਨੂੰ ਥਾਂ ਥਾਂ ਜਲੀਲ ਕਰ ਰਹੇ ਹਨ। ਮਨਜੀਤ ਸਿੰਘ ਕਲਕੱਤੇ ਨੂੰ ਇਹ ਸਾਰਾ ਕੁਝ ਝੂਠੀ ਮੂਠੀ ਦੀ ਲੜਾਈ ਹੀ ਲਗਦੀ ਹੈ। ਬੇਅੰਤ ਸਿੰਘ, ਸੱਤਪਾਲ ਡਾਂਗ, ਜਗਜੀਤ ਸਿੰਘ ਅਨੰਦ, ਹਰਕਿਸ਼ਨ ਸਿੰਘ ਸੁਰਜੀਤ ਤੇ ਬਲਦੇਵ ਪ੍ਰਕਾਸ਼ ਭਲਾ ਇਸ ਤੋਂ ਵਖਰਾ ਕੀ ਕਹਿੰਦੇ ਹਨ। ਹਾਂ ਇਕ ਗੱਲ ਉਸਨੇ ਜ਼ਰੂਰ ਸੱਚ ਕਹੀ ਹੈ ਕਿ ਇਹੋ ਜਿਹੇ ਸਖਸ਼ਾਂ ਦੀ ਅਗਵਾਈ 'ਚ ਅਕਾਲੀ ਦਲ ਨੇ ਕੇਂਦਰੀ ਹਕੂਮਤ ਦੀ ਬਜਾਏ ਖਾੜਕੂ ਸਿੱਖਾਂ ਨਾਲ ਲੜਾਈ ਵਿੱਢੀ ਹੋਈ ਹੈ।

ਜਦੋਂ ਪੱਤਰਕਾਰ ਨੇ ਇਸ ਕੋਲੋਂ ਇਹ ਪੁਛਿਆ ਕਿ, "ਕੁਝ ਪਾਰਟੀ ਮੈਂਬਰਾਂ ਵਲੋਂ ਤੇਰੇ 'ਤੇ ਦੋਸ਼ ਲਾਇਆ ਜਾਂਦਾ ਹੈ ਕਿ ਤੂੰ ਗਵਰਨਰ ਐਸ. ਐਸ. ਰੇਅ ਨਾਲ ਮਿਲਿਆ ਹੋਇਆ ਹੈ। ਤੂੰ ਇਸ ਬਾਰੇ ਕੀ ਕਹਿਣਾ ਚਾਹੁੰਦਾ ਹੈ?" ਤਾਂ ਇਸਦਾ ਜੁਆਬ ਸੀ, "ਪਹਿਲਾਂ ਮੈਂ ਇਹ ਮੰਨ ਲੈਂਦਾ ਹਾਂ ਕਿ ਮੈਂ ਉਸਨੂੰ ਪਿਛਲੇ ਵੀਹ ਸਾਲਾਂ ਤੋਂ ਜਾਣਦਾ ਹਾਂ। ਸੱਚ ਇਹ ਹੈ ਕਿ ਕਲਕੱਤੇ ਵਿਚ ਸਾਡੇ ਦੋਹਾਂ ਦੇ ਘਰ ਹਜਰਾ ਰੋਡ 'ਤੇ ਸਥਿਤ ਹਨ। ਕਿਉਂਕਿ ਅਸੀਂ ਦੋਵੇਂ ਸਿਆਸਤ ਵਿਚ ਹਾਂ ਅਸੀਂ ਇਕ ਦੂਜੇ ਨੂੰ ਚੰਗੀ ਤਰਾਂ ਜਾਣਦੇ ਹਾਂ। ਅਸਲ ਵਿਚ ਮੇਰਾ ਭਤੀਜਾ ਗੁਰਮੀਤ ਸਿੰਘ ਜਿਸਨੇ ਕਿ ਵਾਲ ਕਟਾਏ ਹੋਏ ਹਨ ਇਕ ਬੰਗਾਲੀ ਔਰਤ ਨਾਲ ਵਿਆਹਿਆ ਹੋਇਆ ਹੈ। ਕਿਉਂ ਕਿ ਗਵਰਨਰ ਦੀ ਕੋਈ ਔਲਾਦ ਨਹੀਂ ਉਹ ਮੇਰੇ ਭਤੀਜੇ ਦੇ ਬੱਚਿਆਂ ਨੂੰ ਆਪਣੇ ਬੱਚਿਆਂ ਵਾਂਗ ਸਮਝਦਾ ਹੈ। ਕਿਉਂਕਿ ਉਥੇ ਸਿੱਖ ਵਸੋਂ ਬਹੁਤ ਹੈ ਇਸ ਲਈ ਮੇਰੇ ਰਿਸ਼ਤੇਦਾਰਾਂ ਨੇ ਚੋਣਾਂ ਵਿਚ ਉਸਨੂੰ ਜੀਪਾਂ ਅਤੇ ਪੈਸਾ ਦੇਕੇ ਉਸਦੀ ਮਦਦ ਵੀ ਕੀਤੀ। ਕੋਈ ਕਿਵੇਂ ਜਾਣਦਾ ਸੀ ਕਿ ਉਹ ਪੰਜਾਬ ਵਿਚ ਗਵਰਨਰ ਬਣ ਕੇ ਆਏਗਾ। ਭਾਵੇਂ ਮੈਂ ਉਸਨੂੰ ਬਾਦ 'ਚ ਕਈ ਵਾਰ ਮਿਲਿਆ ਹਾਂ ਪਰ ਮੇਰੇ ਉਸ ਨਾਲ ਸਿਆਸੀ ਮੱਤਭੇਦ ਹਨ।"

---

(ਸਫ਼ਾ 21 ਦੀ ਬਾਕੀ)

ਜਾਈਏ ਇਹਨਾਂ ਅਧਿਕਾਰੀਆਂ ਦੇ, ਸਿਰ ਵਿਚ ਵੱਜਦੀਆਂ ਨੂੰ "ਚੰਗਾ ਹੋਇਆ ਗਰਦ ਝਾੜ ਦਿਤੀ ਜੇ" ਹੀ ਆਖਦੇ ਲੱਗਦੇ ਹਨ।

ਜਦ ਕੋਈ ਦਲਿਤ ਸਕੂਲ ਮੁੱਖੀ ਸੇਵਾ ਸਰਵਿਸ ਕਮਿਸ਼ਨ ਵਲੋਂ ਬਤੌਰ ਪ੍ਰਿੰਸੀਪਲ ਚੁਣਿਆ ਜਾਂਦਾ ਹੈ ਤਾਂ ਉਸਦੀ ਕਿਸਮਤ ਨਿਘਰਨੀ ਸ਼ੁਰੂ ਹੋ ਜਾਂਦੀ ਹੈ ਕਿਉਂਕਿ ਕੰਮ ਕਾਰ ਦਾ ਬੋਝ ਕਿਤੇ ਜ਼ਿਆਦਾ ਵਧ ਜਾਂਦਾ ਹੈ ਪਰ ਨਾਲ ਹੀ ਉਚ ਜ਼ਾਤੀ ਵਾਲਿਆਂ ਵਲੋਂ ਬਦਸਲੂਕੀ ਸ਼ੁਰੂ ਹੋ ਜਾਂਦੀ ਹੈ। ਪਰ ਅਫਸੋਸ ਸਿਰਫ ਇਸ ਗੱਲ ਦਾ ਹੈ ਕਿ ਇਕੋ ਜਿੰਨੀ ਯੋਗਤਾ, ਤਜਰਬਾ, ਲਿਆਕਤ ਤੇ ਹੋਰ ਸਭ ਗੱਲਾਂ ਬਰਾਬਰ ਹੋਣ ਦੇ ਬਾਵਜੂਦ ਵੀ ਸਿਰਫ ਇਸ ਕਰਕੇ ਹੀ ਦਲਿਤ ਮੁੱਖੀ ਨੂੰ ਘਟੀਆ ਕਿਉਂ ਸਮਝਿਆ ਜਾਵੇ ਕਿ ਉਸਦਾ ਜਨਮ ਸਮਾਜ ਦੇ ਕਿਸੇ ਕਰਜ਼ੋਰ ਵਰਗ ਵਿਚ ਹੋਇਆ ਹੈ।

ਆਪਣੇ ਪੂਰੀ ਤਰ੍ਹਾਂ ਅਜ਼ਾਦ ਹੋਣ ਦੀਆਂ ਸ਼ੇਖੀਆਂ ਅਸੀਂ ਜਿੰਨੀਆਂ ਮਰਜੀ ਮਾਰੀ ਜਾਈਏ, ਜਿੰਨਾ ਚਿਰ ਤੱਕ ਪੜ੍ਹੇ ਲਿਖੇ ਦਲਿਤ ਸਕੂਲ ਮੁਖੀਆਂ ਦੀ ਮਾਣ ਇਜ਼ਤ ਤੇ ਸਵੈ-ਮਾਨ ਇਕ ਗੈਰ-ਦਲਿਤ ਸਕੂਲ ਮੁੱਖੀ ਦੇ ਬਰਾਬਰ ਨਹੀਂ ਹੋ ਜਾਂਦਾ ਤੇ ਸਾਰੇ ਗਰੀਬ ਦਲਿਤ ਵੀਰਾਂ ਲਈ ਇਕਸਾਰ ਕੰਮ ਕਾਰ, ਰੁਜ਼ਗਾਰ ਤੇ ਸਵੈ-ਮਾਣ ਤੇ ਇੱਜ਼ਤ ਮਾਣ ਨਾਲ ਰਹਿਣ ਦੇ ਸਾਧਨ ਤੇ ਮੌਕੇ ਉਪਲਬਧ ਨਹੀਂ ਹੋ ਜਾਂਦੇ, ਇਹਨਾਂ ਸਤਰਾਂ ਦਾ ਲੇਖਕ ਭਾਰਤ ਨੂੰ ਪੂਰੀ ਤਰ੍ਹਾਂ ਨਾਲ ਆਜ਼ਾਦ ਦੇਸ਼ਾਂ ਵਿਚ ਗਿਨਣ ਲਈ ਤਿਆਰ ਨਹੀਂ। ਇਸ ਲਈ ਦੇਸ਼ ਦਾ ਸਮੁੱਚਾ ਢਾਂਚਾ ਵੀ ਬਦਲਣ ਦੀ ਲੋੜ ਪਵੇ ਤਾਂ ਬਦਲਣਾ ਚਾਹੀਦਾ ਹੈ। ਮਰਨਾ ਜਾਂ ਜੀਣਾ ਸਭ ਨੇ ਹੈ। ਇੱਜ਼ਤ ਭਰਭੂਰ ਜੀਵਨ ਹੀ ਅਸਲ ਜੀਵਨ ਹੈ। ○

# ਸਕੂਲਾਂ ਦੇ ਦਲਿਤ ਮੁਖੀਆਂ ਦੀ ਦਰਦ ਕਹਾਣੀ

-ਪ੍ਰਿੰਸੀਪਲ ਗੁਰਮੁਖ ਸਿੰਘ ਸਿੱਧੂ

ਭਾਰਤ ਨੂੰ ਕਥਿਤ ਤੌਰ 'ਤੇ ਆਜ਼ਾਦ ਹੋਇਆਂ ਇਕਾਹਠ ਸਾਲ ਹੋ ਗਏ ਹਨ ਪਰ ਭਾਰਤ ਦੇ ਅਸਲ ਮਾਲਕ, ਦਲਿਤ ਗੁਲਾਮ ਹੀ ਰਹੇ। ਸਮਾਜਿਕ, ਆਰਥਿਕ, ਰਾਜਨੀਤਕ, ਸਭਿਆਚਾਰਕ ਸੁਤੰਤਰਤਾ ਤੋਂ ਬਿਨਾਂ ਦਲਿਤ ਸਮਾਜ ਅਜੇ ਵੀ ਗੁਲਾਮ ਹੈ। ਇਨਸਾਨੀ ਬਰਾਬਰੀ ਬਿਨਾਂ ਮਨੁੱਖ ਅਸਲ 'ਚ ਗੁਲਾਮ ਹੀ ਤਾਂ ਹੁੰਦਾ ਹੈ। ਦਲਿਤਾਂ ਨੂੰ ਮਿਲੀ ਅਖੌਤੀ ਤੇ ਨਕਲੀ ਅਜ਼ਾਦੀ ਕੋਈ ਵੀ ਮਹੱਤਤਾ ਨਹੀਂ ਰਖਦੀ। ਪੜ੍ਹੇ ਲਿਖੇ ਦਲਿਤ ਭਰਾ, ਇਸ ਗੁਲਾਮੀ ਵਿਚ ਆਪਣਾ ਸਾਹ ਘੁੱਟਦਾ ਹੋਇਆ ਮਹਿਸੂਸ ਕਰ ਰਹੇ ਹਨ।

ਅਸੀਂ ਗੱਲ ਕਰਨਾ ਚਾਹੁੰਦੇ ਹਾਂ, ਪੜ੍ਹੇ ਲਿਖੇ ਦਲਿਤਾਂ ਦੀ, ਦਲਿਤ ਸਕੂਲ ਮੁੱਖੀਆਂ ਦੀ। ਕਿਸੇ ਵੀ ਪੇਂਡੂ ਸਕੂਲ ਵਿਚ ਕਿਸੇ ਵੀ ਦਲਿਤ ਸਕੂਲ-ਮੁੱਖੀ ਨੂੰ ਪਿੰਡ ਦੇ ਇਕ ਚੌਕੀਦਾਰ ਦੇ ਬਰਾਬਰ ਵੀ ਨਹੀਂ ਸਮਝਿਆ ਜਾਂਦਾ। ਪਿੰਡ ਦੀ ਪੰਚਾਇਤ ਨੂੰ ਜਦੋਂ ਪਤਾ ਲਗਦਾ ਹੈ ਕਿ ਇਹ ਬੀਬੀ ਦਾਹੜੀ ਕਿਸੇ ਦਲਿਤ ਦੀ ਹੈ ਤਾਂ ਉਹ ਬਿਨਾਂ ਕਸੂਰ ਪੁੱਟਣ ਲਈ ਤਿਆਰ ਹੋ ਜਾਂਦੀ ਹੈ। ਉਹ ਮੁੱਖੀ ਨੂੰ ਦਲਿਤ ਪਹਿਲਾਂ ਸਮਝਦੇ ਹਨ ਅਤੇ ਹੋਰ ਕੁਝ ਬਾਅਦ ਵਿਚ। ਜਦੋਂ ਕਿਸੇ ਮੁੱਖ ਅਧਿਆਪਕ ਦੇ ਦਲਿਤ ਹੋਣ ਦਾ ਪਤਾ ਲਗਦਾ ਹੈ ਤਾਂ ਉਸ ਵਿਰੁੱਧ ਕਈ ਤਰ੍ਹਾਂ ਦੀਆਂ ਨਜਾਇਜ਼ ਗੱਲਾਂ ਉਡਣੀਆਂ ਸ਼ੁਰੂ ਹੋ ਜਾਂਦੀਆਂ ਹਨ।

ਜ਼ਿਲਾ ਬਠਿੰਡਾ ਦੇ ਇਕ ਪਿੰਡ ਵਿਚ ਪੰਚਾਇਤ ਸਕੂਲ ਸੁਧਾਰ ਦੀ ਨੀਅਤ ਨਾਲ ਦਲਿਤ ਸਕੂਲ ਮੁੱਖੀ ਨੂੰ ਮਿਲ ਕੇ ਕਹਿਣ ਲੱਗੀ ਕਿ "ਅਧਿਆਪਕਾਂ ਨੂੰ ਜ਼ਰਾ ਸਿੱਧੇ ਕਰ ਦਿਓ ਇਹ ਬਹੁਤ ਵਿਗੜੇ ਹੋਏ ਹਨ।" ਪਰ ਜਦੋਂ ਵੀਹ ਕੁ ਦਿਨਾਂ ਤੱਕ ਇਹਨਾਂ ਨੂੰ ਪਤਾ ਲਗਿਆ ਕਿ ਸਕੂਲ ਮੁੱਖੀ ਦਲਿਤ ਹੈ ਤਾਂ ਕਹਿਣਾ ਸ਼ੁਰੂ ਕਰ ਦਿਤਾ "ਤੁਸੀਂ ਸਕੂਲ ਦੀ ਪੜ੍ਹਾਈ ਦਾ ਫਿਕਰ ਨਾ ਕਰੋ, ਪੜ੍ਹਾਉਣ ਨੂੰ ਤਾਂ ਸਾਡੇ ਮਾਸਟਰ ਜਮਾਂ ਈ ਸ਼ੇਰ ਹਨ ਸ਼ੇਰ। ਤੁਸੀਂ ਨੱਸ-ਭੱਜ ਕਰਕੇ ਜਲੰਧਰ ਜਾਂ ਹੁਸ਼ਿਆਰਪੁਰ ਦੀ, ਘਰ ਦੇ ਨੇੜੇ ਦੀ ਬਦਲੀ ਕਰਵਾ ਲਵੋ। ਦੋਵੇਂ ਡੰਗ ਹੱਥ ਫੂਕਣੇ ਸਾਥੋਂ ਤਾਂ ਦੇਖੇ ਨਹੀਂ ਜਾਂਦੇ।" ਇਸ ਤਰ੍ਹਾਂ ਦੀਆਂ ਘਟਨਾਵਾਂ ਪੰਜਾਬ ਦੇ ਹੋਰ ਜ਼ਿਲਿਆਂ ਅੰਦਰ ਵੀ ਹਰ ਰੋਜ਼ ਬੀਤਦੀਆਂ ਹਨ।

ਪੇਂਡੂ ਸਕੂਲਾਂ ਦੇ 90 ਫੀ ਸਦੀ ਤੱਕ ਅਧਿਆਪਕ ਸਥਾਨਕ ਜਾਂ ਦੋ-ਤਿੰਨ ਕਿਲੋਮੀਟਰ ਤੱਕ ਦੇ ਵਾਸੀ ਹੁੰਦੇ ਹਨ। ਦਲਿਤ ਸਕੂਲ ਮੁੱਖੀ ਆਮ ਤੌਰ 'ਤੇ ਦੂਰ ਦੇ ਇਲਾਕੇ ਜਾਂ ਜ਼ਿਲੇ ਦਾ ਹੁੰਦਾ ਹੈ। ਦਲਿਤ ਸਕੂਲ ਮੁੱਖੀ ਨੂੰ ਇਹ ਅਧਿ-ਆਪਕ ਕਾਗਜ਼ ਦਾ ਇਕ ਬੇਜਾਨ ਗੁੱਡਾ, ਖੇਡਣ ਵਾਲਾ ਰਬੜ ਦਾ ਖਿਡਾਉਣਾ, ਜਿਸ ਨੂੰ ਮਰਜ਼ੀ ਨਾਲ ਜਿਧਰ ਮਰਜ਼ੀ ਮਰੋੜਿਆ, ਘੁੰਮਾਇਆ ਜਾ ਸਕੇ ਹੀ ਸਮਝਦੇ ਹਨ। ਦਲਿਤ ਸਕੂਲ ਮੁੱਖੀ ਅੱਗੇ ਗਲਤ ਬੋਲਣਾ, ਕਹਿਣਾ ਨਾ ਮੰਨਣਾ, ਕੰਮ ਨਾ ਕਰਨਾ, ਨਜਾਇਜ਼ ਬਹਾਨੇ ਘੜਨਾ, ਪੜ੍ਹਾਈ ਨਾ ਕਰਵਾਉਣਾ, ਮੁੱਖੀ ਵਿਰੁੱਧ ਨਜਾਇਜ਼ ਸ਼ੜਯੰਤਰ ਰਚਨਾ, ਪੰਚਾਇਤ ਨੂੰ ਗਲਤ ਮਲਤ ਤੇ ਤੋੜ-ਮਰੋੜ ਕੇ ਸੂਚਨਾ ਦੇ ਕੇ ਮੁੱਖੀ ਦੇ ਵਿਰੁੱਧ ਉਕਸਾਉਣਾ, ਹੱਥੋਪਾਈ ਕਰਨਾ, ਗਾਲ੍ਹਾਂ ਦੇਣਾ, ਬੇਇਜ਼ਤੀ ਕਰਨਾ, ਇਕ ਆਮ ਗੱਲ ਬਣਦੀ ਜਾ ਰਹੀ ਹੈ।

ਪਹਿਲਾਂ ਇਹ ਧਾਰਨਾ ਪਰਚਲਤ ਸੀ ਕਿ ਸਾਡੇ ਆਪਣੇ ਦਲਿਤ ਅਫਸਰ ਤੇ ਉਚ ਅਧਿਕਾਰੀ ਹੋਣ ਤਾਂ ਦਲਿਤ ਸਕੂਲ ਮੁੱਖੀਆਂ ਨੂੰ ਇਨਸਾਫ ਮਿਲ ਸਕਦਾ ਹੈ ਅਤੇ ਇਜਤ ਵਿਚ ਵਾਧਾ ਹੋ ਸਕਦਾ ਹੈ। ਪਰ ਵਰਤਮਾਨ ਸਮੇਂ ਵਿਚ ਇਹ ਧਾਰਨਾ ਬਿਲਕੁਲ ਨਿਰਮੂਲ ਸਿੱਧ ਹੋ ਚੁੱਕੀ ਹੈ। ਵੇਖਣ ਵਿਚ ਆਇਆ ਹੈ ਕਿ ਇਕ ਦਲਿਤ ਦੇ ਡੀ.ਪੀ.ਆਈ (ਸਕੂਲਜ਼) ਪੰਜਾਬ ਹੁੰਦਿਆਂ ਹੋਇਆਂ ਵੀ ਦਲਿਤ ਸਕੂਲ ਮੁੱਖੀਆਂ ਦੀ ਇਜਤ ਦੂਜੇ ਗੈਰ-ਦਲਿਤ ਸਕੂਲ ਮੁੱਖੀਆਂ ਦੇ ਬਰਾਬਰ ਵੀ ਨਹੀਂ, ਵਾਧੇ ਦੀ ਗੱਲ ਤਾਂ ਇਕ ਪਾਸੇ ਹੈ।

ਗੱਲ ਇਥੋਂ ਤੱਕ ਗੰਦੀ ਹੋ ਗਈ ਹੈ ਕਿ ਸਕੂਲ ਮੁੱਖੀਆਂ ਦੀਆਂ ਐਸੋਸੀਏਸ਼ਨਾਂ, ਅਧਿਆਪਕ ਯੂਨੀਅਨਾਂ ਅਤੇ ਜ਼ਿਲਾ ਸਿੱਖਿਆ ਅਫਸਰ ਵੀ ਅਜਿਹੀਆਂ ਨਜਾਇਜ਼ ਵਧੀਕੀਆਂ ਦੀ ਖੁਲ੍ਹ ਕੇ ਵਿਰੋਧਤਾ ਨਹੀਂ ਕਰਦੇ ਸਗੋਂ ਮਿਹਨਤੀ ਦਲਿਤ ਮੁੱਖੀਆਂ ਦੀ ਚੱਸ਼ਮਾਂ-ਤੋਤੀ ਕਰਕੇ ਨਜਾਇਜ਼ ਡਰਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਅਖੇ, "ਪੰਚਾਇਤਾਂ ਤੇਰੇ ਵਿਰੁੱਧ ਹਨ ਕਿਉਂਕਿ ਤੂੰ ਸ਼ਰਾਬ ਨਹੀਂ ਪੀਂਦਾ ਤੇ ਉਹਨਾਂ ਨੇ ਤਾਂ ਸਦਾ ਪੀਣ ਪਿਲਾਉਣ ਤੇ ਖਾਣਾ ਖਿਲਾਉਣ ਵਾਲਿਆਂ ਦਾ ਹੀ ਸਾਥ ਦੇਣਾ ਹੁੰਦਾ ਹੈ।"

ਇਕ ਮੁਢਲੇ ਜਿਹੇ ਸਰਵੇਖਣ ਅਨੁਸਾਰ ਪੰਜਾਬ ਦੇ 90 ਫੀ ਸਦੀ ਤੋਂ ਵਧ ਦਲਿਤ ਸਕੂਲ ਮੁੱਖੀਆਂ ਦੀ ਕਿਸੇ ਨਾ ਕਿਸੇ ਬਹਾਨੇ ਬੇਇਜ਼ਤੀ ਕੀਤੀ ਜਾ ਚੁਕੀ ਹੈ। ਇਹ ਬ੍ਰਾਹਮਣ-ਵਾਦੀ ਫਿਲਾਸਫੀ ਦਾ ਨਿਚੋੜ ਹੈ। ਇਤਿਹਾਸ ਵੀ ਗਵਾਹ ਹੈ ਕਿ ਪੜ੍ਹੇ ਲਿਖੇ ਦਲਿਤਾਂ ਦਾ ਹਰ ਸਮੇਂ ਮਾੜਾ ਹੀ ਹਸ਼ਰ ਹੁੰਦਾ ਹੈ। ਹੋਰ ਤਾਂ ਹੋਰ ਜ਼ਿਲਾ ਸਿਖਿਆ ਅਫਸਰ ਵੀ ਉਹਨਾਂ ਨੂੰ ਪੂਰੇ ਸਕੂਲ ਮੁੱਖੀ ਨਹੀਂ ਸਮਝ ਰਹੇ। ਇਕ ਜ਼ਿਲੇ ਦੇ ਸਿਖਿਆ ਅਫਸਰ ਨੇ ਇਕ ਵਾਰ ਕਿਹਾ, "ਜੇ ਤੁਸੀਂ ਦਲਿਤ (ਚਮਾਰ) ਹੋ ਤਾਂ ਦੂਜੇ ਦੇ ਚਮਾਰ ਕਹਿਣ 'ਤੇ ਗੁੱਸਾ ਕਿਉਂ ਕਰਦੇ ਹੋ?" ਅਰਥਾਤ ਇਕ ਦਲਿਤ ਸਕੂਲ ਮੁੱਖੀ ਨੂੰ ਉਸਦੇ ਮਾਤਹਿਤਾਂ ਵਲੋਂ 'ਚਮਾਰ' ਦੇ ਸ਼ਬਦ ਨਾਲ ਸੰਬੋਧਨ ਕਰਨਾ ਕੋਈ ਵੀ ਗੁਨਾਹ ਨਹੀਂ ਹੁੰਦਾ—ਜੋ ਕਿ ਝੂਠ ਹੈ। ਸਦਕੇ

(ਬਾਕੀ ਸਫਾ 20 ਤੇ)

# ਸ੍ਰੀ ਲੰਕਾ 'ਚ ਪਰੇਮਦਾਸਾ ਦੀ ਜਿੱਤ

# ਭਾਰਤੀ ਹਾਕਮਾਂ ਦੇ ਕਸੂਤੀ ਹਾਲਤ 'ਚ ਫਸਣ ਦੀ ਸੰਭਾਵਨਾ

ਸ੍ਰੀ ਲੰਕਾ ਵਿਚ ਰਾਸ਼ਟਰਪਤੀ ਦੀ ਚੋਣ 'ਚ ਹਕੂਮਤ ਕਰ ਰਹੀ ਪਾਰਟੀ ਦੇ ਉਮੀਦਵਾਰ ਦੇ ਸਫਲ ਹੋਣ ਦੇ ਐਲਾਨ ਦੇ ਨਾਲ ਹੀ ਸਾਰੇ ਦੇਸ਼ ਵਿਚ ਕਰਫਿਊ ਲਾਉਣ ਦੇ ਹੁਕਮਾਂ ਤੋਂ ਦੇਸ਼ ਦੀ ਸਿਆਸੀ ਸਥਿਰਤਾ ਦਾ ਪਤਾ ਲਗਦਾ ਹੈ। ਇਕ ਪਾਸੇ ਸਿਨਹਾਲੀ ਜਥੇਬੰਦੀ ਜਨਤਾ ਵਿਮੁਕਤੀ ਪੇਰਾ ਮੁਨਾ (ਜੇ ਵੀ ਪੀ) ਨੂੰ ਕੁਚਲਨ ਦੇ ਦਮਗਜੇ ਮਾਰੇ ਜਾ ਰਹੇ ਹਨ ਦੂਜੇ ਪਾਸੇ ਉਸੇ ਦੇ ਦਬਾਅ ਹੇਠ ਆ ਕੇ ਪਾਰਲੀਮੈਂਟ ਨੂੰ ਭੰਗ ਕਰਕੇ ਨਵੀਆਂ ਚੋਣਾਂ ਕਰਾਏ ਜਾਣ ਦੇ ਐਲਾਨ ਕੀਤੇ ਜਾ ਰਹੇ ਹਨ। ਇਕ ਪਾਸੇ 'ਭਾਰਤੀ ਸ਼ਾਂਤੀ ਸੈਨਾਵਾਂ' ਸ੍ਰੀ ਲੰਕਾ ਦੇ ਤਾਮਿਲ ਚੀਤਿਆਂ ਦਾ ਘਾਣ ਕਰ ਰਹੀਆਂ ਹਨ। ਦੂਜੇ ਪਾਸੇ ਸ੍ਰੀ ਲੰਕਾ ਦੀਆਂ ਵਿਰੋਧੀ ਪਾਰਟੀਆਂ ਉਨ੍ਹਾਂ ਦੀ ਹਮਾਇਤ ਜਿੱਤਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਇਕ ਗੱਲ ਸਪਸ਼ਟ ਹੈ ਕਿ ਸ੍ਰੀ ਲੰਕਾ ਦੀ ਸਿਆਸੀ ਹਾਲਤ ਧਮਾਕਾ ਖੇਜ ਹੈ। ਕਿਸੇ ਵੀ ਦਿਨ ਇਹ ਕੋਈ ਮੋੜ ਲੈ ਸਕਦੀ ਹੈ। ਸ੍ਰੀ ਲੰਕਾ ਦੀ ਇਸ ਸਿਆਸੀ ਹਾਲਤ ਨੇ ਹੀ ਭਾਰਤੀ ਹਾਕਮਾਂ ਦੀ ਨੀਂਦ ਹਰਾਮ ਕਰ ਰੱਖੀ ਹੈ।

ਭਾਰਤੀ ਹਕੂਮਤ ਨੇ ਜਦੋਂ ਲਗਭਗ ਡੇਢ ਸਾਲ ਪਹਿਲਾਂ ਭਾਰਤ-ਸ੍ਰੀ ਲੰਕਾ ਸਮਝੌਤੇ ਦੇ ਨਾਂ'ਤੇ ਤਾਮਿਲ ਚੀਤਿਆਂ ਨੂੰ ਕੁਚਲਣ ਲਈ ਸ੍ਰੀ ਲੰਕਾ 'ਚ ਫੌਜਾਂ ਵਾੜੀਆਂ ਸਨ ਤਾਂ ਉਨ੍ਹਾਂ ਨੂੰ ਚਿਤ-ਚੇਤਾ ਵੀ ਨਹੀਂ ਸੀ ਕਿ ਸ੍ਰੀ ਲੰਕਾ ਭਾਰਤੀ ਧਾੜਵੀ ਫੌਜਾਂ ਲਈ ਇਕ ਹੋਰ ਵੀਅਤਨਾਮ ਬਣ ਜਾਵੇਗਾ। ਅੱਜ ਡੇਢ ਸਾਲ ਬਾਦ ਇਕ ਲੱਖ ਤੋਂ ਵਧ ਭਾਰਤੀ ਫੋਜ ਨੇ ਮੁੱਠੀ ਭਰ ਤਾਮਿਲ ਚੀਤਿਆਂ ਨੂੰ ਖਤਮ ਤਾਂ ਕੀ ਕਰਨਾ ਸੀ ਸਗੋਂ ਅਜ ਸ੍ਰੀ ਲੰਕਾ ਦੇ ਸਾਰੇ ਲੋਕ ਭਾਰਤੀ ਧਾੜਵੀ ਫੌਜਾਂ ਪ੍ਰਤੀ ਨਫਰਤ ਨਾਲ ਲਬਾਲਬ ਭਰੇ ਪਏ ਹਨ। ਭਾਰਤੀ ਹਾਕਮਾਂ ਨੂੰ ਕੋਈ ਰਾਹ ਨਹੀਂ ਲੱਭ ਰਿਹਾ ਕਿ ਉਹ ਆਪਣੀ ਮੂੰਹ ਰਖਾਈ ਕਰਕੇ ਸ੍ਰੀ ਲੰਕਾ ਚੋਂ ਬਾਹਰ ਨਿਕਲ ਸਕਣ।

ਜੇ. ਵੀ. ਪੀ. ਅੱਜ ਸ੍ਰੀ ਲੰਕਾ ਦੇ ਲੋਕਾਂ ਦੀਆਂ ਭਾਰਤੀ ਧਾੜਵੀ ਫੌਜਾਂ ਪ੍ਰਤੀ ਨਫਰਤ ਦਾ ਲਾਹਾ ਲੈਕੇ ਇਕ ਅਜਿਹੀ ਸਿਆਸੀ ਸ਼ਕਤੀ ਬਣ ਗਈ ਹੈ ਜਿਸਨੇ ਜੈਵਰਧਨੇ ਹਕੂਮਤ ਦਾ ਨੱਕ 'ਚ ਦਮ ਕਰ ਰਖਿਆ ਹੈ। ਭਾਰਤੀ ਫੌਜਾਂ ਨੂੰ ਸ੍ਰੀ ਲੰਕਾ ਚੋਂ ਬਾਹਰ ਕੱਢਣ ਬਾਰੇ ਦ੍ਰਿੜ ਸਟੈਂਡ ਲੈਣ ਕਰਕੇ ਇਸਦਾ ਸਿਨਹਾਲੀ ਲੋਕਾਂ 'ਚ ਸਿਆਸੀ ਮਾਣ ਤਾਣ ਏਨਾ ਵਧ ਗਿਆ ਹੈ ਕਿ ਸਾਰੀਆਂ ਪਾਰਲੀਮਾਨੀ ਪਾਰਟੀਆਂ ਨੇ ਚੋਣਾਂ 'ਚ ਇਸਦੀ ਹਿਮਾਇਤ ਪ੍ਰਾਪਤ ਕਰਨ ਦੇ ਯਤਨ ਕੀਤੇ ਹਨ। ਸ੍ਰੀ ਲੰਕਾ ਦੇ ਲੋਕਾਂ ਦੇ ਮਨਾਂ 'ਚ ਭਾਰਤੀ ਫੌਜਾਂ ਪ੍ਰਤੀ ਨਫਰਤ ਦਾ ਅੰਦਾਜ਼ਾ ਇਸ ਗੱਲ ਤੋਂ ਹੀ ਲਾਇਆ ਜਾ ਸਕਦਾ ਹੈ ਕਿ ਰਾਸ਼ਟਰਪਤੀ ਦੀ ਚੋਣ ਲੜ ਰਹੇ ਤਿੰਨੇ ਉਮੀਦਵਾਰਾਂ ਨੇ ਸ੍ਰੀ ਲੰਕਾ ਚੋਂ ਭਾਰਤੀ ਫੌਜਾਂ ਬਾਹਰ ਕੱਢਣ ਦੇ ਨਾਹਰੇ 'ਤੇ ਚੋਣਾਂ ਲੜੀਆਂ ਹਨ। ਭਾਵੇਂ ਭਾਰਤੀ ਹਾਕਮ ਇਸ ਗੱਲ 'ਤੇ ਤਸੱਲੀ ਪਰਗਟ ਕਰ ਰਹੇ ਹਨ ਕਿ ਜੈਵਰਧਨੇ ਦੀ ਪਾਰਟੀ ਦਾ ਉਮੀਦਵਾਰ ਜਿੱਤਣ ਕਰਕੇ ਅਖੌਤੀ ਭਾਰਤ ਸ੍ਰੀ ਲੰਕਾ ਸਮਝੌਤੇ ਨੂੰ ਕੋਈ ਟੇਸ ਨਹੀਂ ਪਹੁੰਚੇਗੀ। ਪਰ ਫਿਰ ਵੀ ਪਰੇਮਦਾਸਾ ਵਲੋਂ ਸ਼ੁਰੂ ਤੋਂ ਹੀ ਸ੍ਰੀ ਲੰਕਾ 'ਚ ਭਾਰਤੀ ਫੌਜਾਂ ਪ੍ਰਤੀ ਮੌਜੂਦਗੀ ਦੇ ਵਿਰੋਧ ਨੇ ਉਨਾਂ ਨੂੰ ਕਸੂਤੀ ਹਾਲਤ 'ਚ ਫਸਾਇਆ ਹੋਇਆ ਹੈ। ਉਹ ਬੜੀ ਉਤਸੁਕਤਾ ਨਾਲ ਇਹ ਦੇਖ ਰਹੇ ਹਨ ਕਿ ਭਾਵੇਂ ਪਰੇਮਦਾਸਾ ਨੇ ਰਾਸ਼ਟਰਪਤੀ ਦੀਆਂ ਚੋਣਾਂ ਭਾਰਤੀ ਫੌਜਾਂ ਬਾਹਰ ਕੱਢਣ ਦੇ ਨਾਹਰੇ 'ਤੇ ਜਿੱਤੀਆਂ ਹਨ ਪਰ ਚੋਣਾਂ ਜਿੱਤਣ ਤੋਂ ਬਾਦ ਉਹ ਇਨਾਂ ਫੌਜਾਂ ਦੀ ਮੌਜੂਦਗੀ ਬਾਰੇ ਕੀ ਨੀਤੀ ਅਪਣਾਉਂਦਾ ਹੈ। ਇਸ ਕਰਕੇ ਭਾਰਤੀ ਹਾਕਮ ਦੁਚਿੱਤੀ 'ਚ ਹਨ। ਲਗਭਗ ਸਾਰੀਆਂ ਮੁੱਖ ਅਖਬਾਰਾਂ ਨੇ ਇਸ ਦੁਚਿੱਤੀ ਨੂੰ ਪ੍ਰਗਟਾਇਆ ਹੈ। ਇਸ ਬਾਰੇ 22 ਦਸੰਬਰ 1988 ਦਾ ਅੰਗਰੇਜ਼ੀ ਟ੍ਰਿਬਿਊਨ ਲਿਖਦਾ ਹੈ, "ਪ੍ਰੇਮਦਾਸਾ ਸ਼ੁਰੂ ਤੋਂ ਹੀ ਭਾਰਤ ਸ੍ਰੀ ਲੰਕਾ ਸਮਝੌਤੇ ਦਾ ਵਿਰੋਧ ਕਰਦੇ ਰਹੇ ਹਨ। ਇਸ ਲਈ ਇਹ ਦੇਖਣਾ ਪਵੇਗਾ ਕਿ ਕੀ ਉਹ ਅਗਲੇ ਸਮੇਂ 'ਚ ਇਸ ਸਮਝੌਤੇ ਨੂੰ ਉਸੇ ਤਰਾਂ ਅਮਲੀ ਰੂਪ ਦੇਣ ਲਈ ਯਤਨ ਕਰਨਗੇ ਜਿਵੇਂ ਕਿ ਸ੍ਰੀ ਜੈਵਰਧਨੇ ਕਰ ਰਹੇ ਹਨ। ਕਿਤੇ ਅਜਿਹਾ ਤਾਂ ਨਹੀਂ ਹੋ ਜਾਵੇਗਾ ਕਿ ਭਾਰਤ ਅਤੇ ਸ੍ਰੀ ਲੰਕਾ ਵਿਚਕਾਰ ਹੋਇਆ ਸਮਝੌਤਾ ਸਿਖਰਾਂ 'ਤੇ ਪੁੱਜ ਕੇ ਖੂਹ ਖਾਤੇ ਵਿਚ ਪੈ ਜਾਵੇਗਾ। ਦੂਜਾ, ਭਾਰਤ ਸ੍ਰੀ ਲੰਕਾ ਸਮਝੌਤੇ ਅਨੁਸਾਰ ਭਾਰਤੀ ਅਮਨ ਸੈਨਾ ਮੁਲਕ ਦੇ ਉੱਤਰ ਪੂਰਬੀ ਹਿੱਸੇ ਵਿਚ ਪ੍ਰਾਂਤਕ ਕੌਂਸਲਾਂ ਦੀਆਂ ਚੋਣਾਂ ਨੇਪਰੇ ਚੜ੍ਹਣ ਅਤੇ ਦੇਸ਼ ਵਿਚ ਅਮਨ ਕਾਇਮ ਹੋਣ ਤਕ (ਇਸ ਵਿਚ ਲਿਟੇ ਕੋਲੋਂ ਹਥਿਆਰ ਸੁਟਵਾਉਣਾ ਵੀ ਸ਼ਾਮਲ ਹੈ) ਉਥੇ ਰਹੇਗੀ। ਹੁਣ ਪ੍ਰਾਂਤਕ ਕੌਂਸਲ ਦੀਆਂ ਚੋਣਾਂ ਹੋ ਚੁਕੀਆਂ ਹਨ, ਅਤੇ ਮੁੱਖ ਮੰਤਰੀ ਨੇ ਅਹੁਦਾ ਵੀ ਸੰਭਾਲ ਲਿਆ ਹੈ। ਪਰ ਹੁਣ ਕੀ ਭਾਰਤੀ ਅਮਨ ਫੌਜ ਸ੍ਰੀ ਲੰਕਾ 'ਚ ਰਹੇਗੀ ਜਾਂ ਸ੍ਰੀ ਪ੍ਰੇਮਦਾਸਾ ਇਸ ਨੂੰ ਵਾਪਸ ਭਾਰਤ ਜਾਣ ਲਈ ਕਹੇਗਾ? ਸ੍ਰੀ ਲੰਕਾ ਵਿਚ ਉੱਜ ਬਦਲੇ ਨਵੇਂ ਮਹੌਲ ਦੀ ਰੋਸ਼ਨੀ ਵਿਚ ਭਾਰਤ ਸਰਕਾਰ ਨੂੰ ਵੀ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ।" ਕੀ ਪ੍ਰੇਮਦਾਸਾ ਜੈਵਰਧਨੇ ਦੀਆਂ ਨੀਤੀਆਂ ਨੂੰ ਜਾਰੀ ਰਖੇਗਾ? ਇਸ ਪ੍ਰਤੀ ਭਾਰਤੀ ਹਾਕਮਾਂ ਦੀ ਸ਼ੰਕਾ ਤੇ ਦੁਚਿੱਤੀ ਸਾਫ ਪਰਗਟ ਹੋ ਰਹੀ ਹੈ। ਇਸ ਗੱਲ ਦੀਆਂ ਸੰਭਾਵਨਾਵਾਂ ਹਨ ਕਿ ਭਾਰਤੀ ਹਾਕਮ ਸ੍ਰੀ ਲੰਕਾ 'ਚ ਹੋਰ ਵੀ ਕਸੂਤੀ ਹਾਲਤ 'ਚ ਫਸ ਜਾਣ। (ਬਾਕੀ ਸਫਾ 24 'ਤੇ)

# ਕੇਹਰ ਸਿੰਘ ਤੇ ਸਤਵੰਤ ਸਿੰਘ ਦੇ ਪਰਿਵਾਰਾਂ 'ਤੇ ਵੀ ਜ਼ੁਲਮ

ਹਾਕਮ ਜੁੰਡਲੀ ਨਾ ਸਿਰਫ ਸਤਵੰਤ ਸਿੰਘ ਤੇ ਕਿਹਰ ਸਿੰਘ ਨੂੰ ਫਾਂਸੀ 'ਤੇ ਲਟਕਾਉਣ ਲਈ ਹੀ ਬਜਿਦ ਹੈ, ਉਹਨਾਂ ਦੇ ਪਰਿਵਾਰਾਂ ਨੂੰ ਵੀ ਤਰਾਂ ਤਰਾਂ ਦੇ ਤਰੀਕਿਆਂ ਨਾਲ ਜਲੀਲ ਕਰਦਾ ਰਹੀ ਹੈ। ਸਤਵੰਤ ਸਿੰਘ ਦੀ ਪਤਨੀ ਸੁਰਿੰਦਰ ਕੌਰ ਨੂੰ ਉਸ ਨਾਲ ਮੁਲਾਕਾਤ ਕਰਨ ਦੀ ਇਜਾਜ਼ਤ ਨਹੀਂ ਦਿਤੀ ਜਾ ਰਹੀ। ਸਤਵੰਤ ਸਿੰਘ-ਸੁਰਿੰਦਰ ਕੌਰ ਦੇ ਵਿਆਹ ਦੀ ਖਬਰ ਅਖਬਾਰਾਂ ਵਿਚ ਛਪਦਿਆਂ ਹੀ ਪੁਲਸੀ ਧਾੜਾਂ ਸੁਰਿੰਦਰ ਕੌਰ ਦੇ ਘਰ 'ਤੇ ਟੁੱਟ ਪਈਆਂ ਅਤੇ ਉਸਦੇ ਬਾਪ ਨੂੰ ਨੂੜ ਕੇ ਗੁਰਦਾਸਪੁਰ ਜਿਲੇ ਦੇ ਇਕ ਅਜਿਹੇ ਤਫਤੀਸੀ ਕੇਂਦਰ ਵਿਚ ਲੈ ਗਈਆਂ ਜਿਥੇ ਮਹੌਲ ਬਹੁਤ ਹੀ ਖੌਫ-ਜਦਾ ਸੀ। ਚਾਰੇ ਪਾਸਿਆਂ ਤੋਂ ਪੁਲਸੀ ਜਬਰ ਹੇਠ ਕਰਾਹ ਰਹੇ ਨੌਜਵਾਨਾਂ ਦੀਆਂ ਦਿਲ-ਚੀਰਵੀਆਂ ਚੀਕਾਂ ਉਠ ਰਹੀਆਂ ਸਨ। ਸਾਰਾ ਦਿਨ ਅਜਿਹੇ ਦਿਲ-ਕੰਬਾਊ ਮਾਹੌਲ ਵਿਚ ਰੱਖਣ ਤੋਂ ਬਾਅਦ ਹੀ ਬਜੁਰਗ ਕੋਲੋਂ ਪੁੱਛ-ਗਿੱਛ ਸੁਰੂ ਕੀਤੀ ਗਈ ਅਤੇ ਬਹੁਤ ਹੀ ਬੇਹੂਦਾ ਕਿਸਮ ਦੇ ਸਵਾਲ ਕੀਤੇ ਗਏ। ਅਨੇਕਾਂ ਕਿਸਮਾਂ ਦੀਆਂ ਧਮਕੀਆਂ ਦਿਤੀਆਂ ਗਈਆਂ। ਅਸਲ ਵਿਚ ਸੁਰਿੰਦਰ ਕੌਰ ਵਲੋਂ ਸਤਵੰਤ ਸਿੰਘ ਨਾਲ ਵਿਆਹ ਕਰਵਾਉਣ ਦਾ ਫੈਸਲਾ ਹੀ ਹਾਕਮਾਂ ਨੂੰ ਸੂਲ ਵਾਂਗ ਲੜ ਗਿਆ ਸੀ। ਉਹ ਅਜਿਹਾ ਫੈਸਲਾ ਕਰਨ 'ਤੇ ਸੁਰਿੰਦਰ ਕੌਰ ਅਤੇ ਉਸਦੇ ਮਾਪਿਆਂ ਨੂੰ ਸਬਕ ਸਿਖਾਉਣਾ ਚਾਹੁੰਦੇ ਹਨ ਅਤੇ ਉਹਨਾਂ ਨੂੰ ਤਰਾਂ ਤਰਾਂ ਦੇ ਮਾਨਸਿਕ ਸੰਤਾਪਾਂ ਵਿਚੋਂ ਲੰਘਾ ਰਹੇ ਹਨ। ਮੁਢਲੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਕੇ ਉਹਨਾਂ ਉਸ ਦਿਨ ਵੀ ਸੁਰਿੰਦਰ ਕੌਰ ਨੂੰ ਮੁਲਾਕਾਤ ਨਾ ਕਰਨ ਦਿਤੀ ਜਿਸਨੂੰ ਉਹਨਾਂ ਨੇ ਸਤਵੰਤ ਸਿੰਘ ਦਾ ਆਖਰੀ ਦਿਨ ਐਲਾਨ ਦਿਤਾ ਸੀ ਅਤੇ ਇਸ ਐਲਾਨ ਦੇ ਚਿੰਨ ਵਜੋਂ ਜੇਲ 'ਤੇ ਕਾਲਾ ਝੰਡਾ ਵੀ ਝੁਲਾ ਦਿਤਾ ਸੀ। ਦੋ ਦਸੰਬਰ ਅਤੇ ਫਿਰ ਪੰਜ ਦਸੰਬਰ ਨੂੰ ਵੀ ਉਹ ਸਾਰਾ ਦਿਨ ਤਿਹਾੜ ਜੇਲ ਦੇ ਬੂਹੇ 'ਤੇ ਉਡੀਕ ਕਰਕੇ ਵਾਪਸ ਮੁੜ ਆਈ। ਸੁਰਿੰਦਰ ਕੌਰ ਦਾ ਖਿਆਲ ਸੀ ਕਿ ਹਾਕਮਾਂ ਅੰਦਰ ਮਨੁੱਖਤਾ ਦਾ ਕੋਰਾ ਭਰ ਅੰਸ਼ ਤਾਂ ਸਾਇਦ ਹੋਵੇ ਹੀ। ਪਰ ਉਸਦਾ ਖਿਆਲ ਗਲਤ ਸੀ। ਉਹ ਤਾਂ ਵਹਿਸ਼ੀ ਤੋਂ ਵਹਿਸੀ ਜਾਨਵਰਾਂ ਤੋਂ ਵੀ ਬੇਕਿਰਕ ਹਨ। ਉਹਨਾਂ ਮੁਲਾਕਾਤਾਂ ਉਸ ਸਮੇਂ ਬੰਦ ਕਰਵਾਈਆਂ ਜਦੋਂ ਉਹਨਾਂ ਨੂੰ ਵਿਆਹ ਦਾ ਪਤਾ ਲੱਗਾ ਸੀ। ਇਸ ਤੋਂ ਪਹਿਲਾਂ ਸੁਰਿੰਦਰ ਕੌਰ ਕੁਝ ਮੁਲਾਕਾਤਾਂ ਕਰ ਆਈ ਸੀ। ਇਹ ਕਿਹੋ ਜਿਹਾ ਕਾਨੂੰਨ ਹੈ ਜਿਸ ਮੁਤਾਬਕ ਮੰਗੇਤਰ ਤਾਂ ਮੁਲਾਕਾਤ ਕਰ ਸਕਦੀ ਹੈ ਪਰ ਵਿਆਹੀ ਹੋਈ ਨਹੀਂ? ਅਸਲ ਵਿਚ ਸਤਵੰਤ ਸਿੰਘ ਦੇ ਮਾਮਲੇ ਵਿਚ ਹਾਕਮ ਜੁੰਡਲੀ ਦੀ ਇੱਛਾ ਹੀ ਕਾਨੂੰਨ ਬਣੀ ਹੋਈ ਹੈ। ਉਹਨਾਂ ਨੇ ਤਾਂ ਇਹ ਵੀ ਐਲਾਨ ਕੀਤਾ ਹੈ ਕਿ ਉਹ ਫਾਂਸੀ ਚੜ ਰਹੇ ਵਿਅਕਤੀ ਦੀ ਅੰਤਮ ਸਮੇਂ ਦੀ ਖਾਹਸ਼ ਨੂੰ ਪੂਰੀ ਕਰਨ ਦੀ ਰਵਾਇਤ ਅਨੁਸਾਰ ਚਲਣ ਦੇ ਵੀ ਪਾਬੰਦ ਨਹੀਂ ਹਨ।

ਕਿਹਰ ਸਿੰਘ ਦੇ ਕੇਸ ਦੀ ਪੈਰਵਾਈ ਉਸਦਾ ਵੱਡਾ ਪੁੱਤਰ ਰਾਜਿੰਦਰ ਸਿੰਘ ਕਰ ਰਿਹਾ ਹੈ। ਇੰਦਰਾ ਗਾਂਧੀ ਦੇ ਕਤਲ ਸਮੇਂ ਰਜਿੰਦਰ ਸਿੰਘ ਦਿੱਲੀ ਵਿਚ ਹੀ ਕੇਂਦਰੀ ਕਾਨੂੰਨ ਵਜਾਰਤ ਵਿਚ ਨੌਕਰੀ ਕਰਦਾ ਸੀ। ਜਿਉਂ ਹੀ ਰਾਜਿੰਦਰ ਸਿੰਘ ਨੇ ਕੇਸ ਸਬੰਧੀ ਕਾਨੂੰਨੀ ਚਾਰਾਜ਼ੋਈ ਸੁਰੂ ਕੀਤੀ, ਹਾਕਮਾਂ ਨੇ ਉਸਦੀ ਬਦਲੀ ਬੰਬਈ ਦੀ ਕਰ ਦਿਤੀ। ਬੰਬਈ ਤੋਂ ਕੇਸ ਦੀ ਪੈਰਵਾਈ ਕਰਨੀ ਪੂਰੀ ਤਰਾਂ ਅਸੰਭਵ ਸੀ। ਰਾਜਿੰਦਰ ਸਿੰਘ 'ਤੇ ਕੇਸ ਦੀ ਪੈਰਵਾਈ ਕਰਨ ਤੋਂ ਇਲਾਵਾ ਆਪਣੀ ਮਾਤਾ, ਚਾਰ ਭਰਾਵਾਂ ਅਤੇ ਦੋ ਭੈਣਾਂ ਦੀ ਦੇਖ-ਰੇਖ ਕਰਨ ਦੀ ਜੁੰਮੇਵਾਰੀ ਵੀ ਆ ਪਈ ਸੀ। ਆਪਣੇ ਪਰਿਵਾਰ (ਪਤਨੀ ਤੇ ਤਿੰਨ ਬੱਚਿਆਂ) ਤੋਂ ਇਲਾਵਾ ਭੈਣਾਂ ਭਰਾਵਾਂ ਨੂੰ ਬੰਬਈ ਲੈ ਕੇ ਜਾਣਾ ਪੈਣਾ ਸੀ। ਇਸ ਤਰਾਂ ਹਾਕਮਾਂ ਨੇ ਰਾਜਿੰਦਰ ਸਿੰਘ ਲਈ ਇਕ ਹੀ ਚੋਣ ਬਾਕੀ ਰਹਿਣ ਦਿਤੀ। ਜਾਂ ਤਾਂ ਉਹ ਬੰਬਈ ਜਾ ਕੇ ਨੌਕਰੀ ਕਰਕੇ ਆਪਣੇ ਪਰਿਵਾਰ ਅਤੇ ਭੈਣਾਂ-ਭਰਾਵਾਂ ਦੀ ਦੇਖ-ਰੇਖ ਅਤੇ ਪਾਲਣ ਪੋਸ਼ਣ ਕਰੇ ਜਾਂ ਦਿੱਲੀ ਰਹਿ ਕੇ ਕੇਸ ਲੜੇ। ਰਾਜਿੰਦਰ ਸਿੰਘ ਨੇ ਮਗਰਲੀ ਚੋਣ ਕਰ ਲਈ। ਉਸਨੇ ਨੌਕਰੀ ਤੋਂ ਛੇ ਮਹਿਨਿਆਂ ਦੀ ਲੰਮੀ ਛੁੱਟੀ ਲਈ ਅਰਜੀ ਦੇ ਦਿਤੀ। ਰਾਜਿੰਦਰ ਸਿੰਘ ਦੀ ਇਸ ਚੋਣ ਨੇ ਹਾਕਮਾਂ ਨੂੰ ਬੁਰੀ ਤਰਾਂ ਤੜਫਾ ਦਿਤਾ। ਉਹਨਾਂ ਉਸਦੀ ਛੁਟੀ ਦੀ ਅਰਜੀ ਤਾਂ ਮਨਜੂਰ ਕਰ ਲਈ ਪਰ ਕੁਝ ਸਮੇਂ ਬਾਅਦ ਹੀ, 2 ਮਈ 1985 ਨੂੰ ਉਸਨੂੰ "ਕੌਮੀ ਸੁਰੱਖਿਆ ਐਕਟ" ਅਧੀਨ ਗ੍ਰਿਫਤਾਰ ਕਰ ਲਿਆ। ਉਸ 'ਤੇ ਦੋਸ਼ ਲਗਾਇਆ ਗਿਆ ਕਿ ਉਸਨੇ ਕਿਹਰ ਸਿੰਘ ਦੇ ਕੇਸ ਦੀ ਪੜਤਾਲ ਕਰ ਰਹੇ ਅਫਸਰ ਆਰ. ਪੀ. ਕੋਛੜ ਨੂੰ ਧਮਕੀਆਂ ਦਿਤੀਆਂ ਸਨ। ਇਕ ਦੋਸ਼ ਇਹ ਵੀ ਲਗਾਇਆ ਗਿਆ ਕਿ ਉਸਦੇ ਦਹਿਸਤ ਪਸੰਦਾਂ ਨਾਲ ਸਬੰਧ ਹਨ। ਇਸਦਾ ਸਬੂਤ ਇਹ ਪੇਸ਼ ਕੀਤਾ ਗਿਆ ਕਿ ਉਸਦੇ ਬੇਅੰਤ ਸਿੰਘ ਨਾਲ ਸਬੰਧ ਸਨ (ਜਿਸਦਾ ਉਹ ਨਜਦੀਕੀ ਰਿਸ਼ਤੇਦਾਰ ਸੀ)। ਦੂਸਰਾ ਸਬੂਤ ਇਹ ਸੀ ਕਿ ਉਸਨੇ ਬਿਮਲ ਖਾਲਸਾ ਦੇ ਪਾਸਪੋਰਟ ਨੂੰ ਦਫਤਰੋਂ ਲਿਆਂਦਾ ਸੀ। ਅਜਿਹੇ ਹੀ ਕੁਝ ਹੋਰ ਵਾਹਜਾਤ ਦੋਸ਼ ਸਨ।

ਰਾਜਿੰਦਰ ਸਿੰਘ ਨੂੰ ਗ੍ਰਿਫਤਾਰ ਕਰਨ ਨਾਲ ਵੀ ਹਾਕਮਾਂ ਦੇ ਕਾਲਜੇ ਠੰਡ ਨਾ ਪਈ। ਉਹਨਾਂ ਨੇ ਰਾਜਿੰਦਰ ਸਿੰਘ ਦੇ ਲਗਾਏ ਦੋਸ਼ਾਂ ਨੂੰ ਅਦਾਲਤ ਵਿਚ ਸਾਬਤ ਕਰਨ ਤੋਂ ਪਹਿਲਾਂ ਹੀ ਉਸਨੂੰ ਨੌਕਰੀ ਤੋਂ ਡਿਸਮਿਸ ਕਰ ਦਿਤਾ। ਡਿਸਮਿਸ ਹੋਣ ਕਾਰਨ ਰਾਜਿੰਦਰ ਸਿੰਘ ਦਾ ਨੌਕਰੀ ਤੋਂ ਬਾਅਦ ਮਿਲਣ ਵਾਲੀ ਪੈਨਸਨ ਦਾ ਹੱਕ ਵੀ ਮਾਰਿਆ ਗਿਆ।

ਰਾਜਿੰਦਰ ਸਿੰਘ ਖਿਲਾਫ ਦੋਸ਼ਾਂ ਨੂੰ, ਝੂਠ ਨੂੰ ਸੱਚ ਬਨਾਉਣ ਵਾਲੇ ਭਾਰਤੀ ਹਾਕਮਾਂ ਦੇ ਵੱਡੇ ਵੱਡੇ ਮਾਹਰ ਵੀ ਸਾਬਤ ਨਾ ਕਰ ਸਕੇ ਅਤੇ ਅੰਤ ਇਕ ਸਾਲ ਬਾਅਦ ਉਸਨੂੰ

ਜੇਲੋਂ ਰਿਹਾਅ ਕਰਨਾ ਪਿਆ। ਪਰ ਇਸਦੇ ਬਾਵਜੂਦ ਵੀ ਉਸਨੂੰ ਨੌਕਰੀ 'ਤੇ ਬਹਾਲ ਨਹੀਂ ਕੀਤਾ ਜਾ ਰਿਹਾ ਹਾਲਾਂਕਿ ਨੌਕਰੀ ਤੋਂ ਬਰਖਾਸਤ ਕਰਨ ਲਈ ਉਹਨਾਂ ਹੀ ਦੋਸ਼ਾਂ ਨੂੰ ਅਧਾਰ ਬਣਾਇਆ ਗਿਆ ਸੀ ਜਿਹਨਾਂ ਦੇ ਅਧਾਰ 'ਤੇ ਉਸਨੂੰ "ਕੌਮੀ ਸੁਰੱਖਿਆ ਐਕਟ" ਹੇਠ ਇਕ ਸਾਲ ਜੇਲ ਵਿਚ ਬੰਦ ਕਰੀ ਰਖਿਆ ਅਤੇ ਜਿਨਾਂ ਵਿਚੋਂ ਇਕ ਵੀ ਅਦਾਲਤ ਵਿਚ ਸਾਬਤ ਨਹੀਂ ਹੋ ਸਕਿਆ।

ਰਾਜਿੰਦਰ ਸਿੰਘ ਨੂੰ ਨੌਕਰੀ 'ਤੇ ਤਾਂ ਕੀ ਲਾਉਣਾ ਸੀ ਸਗੋਂ ਉਸਨੂੰ ਸਰਕਾਰੀ ਕਵਾਟਰ ਖਾਲੀ ਕਰਨ ਦੇ ਹੁਕਮ ਵੀ ਦੇ ਦਿਤੇ ਗਏ। ਰਾਜਿੰਦਰ ਸਿੰਘ ਇਹਨਾਂ ਹੁਕਮਾਂ ਦੇ ਖਿਲਾਫ ਅਦਾਲਤ ਤੋਂ ਸਟੇਅ ਆਰਡਰ ਲੈਣਾ ਚਾਹੁੰਦਾ ਸੀ। ਜਿਨਾਂ ਗਲਤ ਦੋਸ਼ਾਂ ਅਧੀਨ ਉਸਨੂੰ ਬਰਖਾਸਤ ਕੀਤਾ ਗਿਆ ਸੀ ਉਹਨਾਂ ਦੇ ਖਿਲਾਫ ਉਸਨੇ "ਸੈਂਟਰਲ ਐਡਮੀਨਿਸਟਰੇਟਿਵ ਟ੍ਰੀਬਿਊਨਲ" ਕੋਲ ਅਪੀਲ ਕੀਤੀ ਹੋਈ ਸੀ। ਪਰ ਹਾਕਮਾਂ ਨੇ ਅਦਾਲਤਾਂ ਵਿਚ ਵਕੀਲਾਂ ਦੀ ਹੜਤਾਲ ਦਾ ਫਾਇਦਾ ਉਠਾਉਂਦਿਆਂ ਹੋਇਆਂ ਕੁਝ ਕਰਮਚਾਰੀ ਉਸ ਦੇ ਘਰ ਭੇਜ ਦਿਤੇ ਜਿਨਾਂ ਨੇ ਜਬਰੀ ਉਸਦੇ ਪਰਿਵਾਰ ਨੂੰ ਘਰੋਂ ਕੱਢ ਦਿਤਾ ਅਤੇ ਉਸਦੇ ਸਮਾਨ ਨੂੰ ਸੜਕ 'ਤੇ ਸੁੱਟ ਦਿਤਾ।

ਇਸ ਤੋਂ ਬਾਅਦ ਰਾਜਿੰਦਰ ਸਿੰਘ ਦਿੱਲੀ ਦੇ ਮੋਤੀ ਬਾਗ ਗੁਰਦਵਾਰੇ ਵਿਚ ਆ ਗਿਆ। ਗੁਰਦਵਾਰਾ ਕਮੇਟੀ ਨੇ ਉਸਨੂੰ ਦੋ ਕਮਰੇ ਅਲਾਟ ਕਰ ਦਿਤੇ। ਪਰ ਹਾਕਮਾਂ ਨੇ ਉਸਦਾ ਇਥੇ ਵੀ ਪਿੱਛਾ ਨਾ ਛੱਡਿਆ। ਗੁਰਦਵਾਰਾ ਕਮੇਟੀ ਦੇ ਮੈਂਬਰਾਂ ਨੂੰ ਧਮਕੀਆਂ ਦਿਤੀਆਂ ਗਈਆਂ ਅਤੇ ਕਮੇਟੀ ਦੇ ਜਿਸ ਮੈਂਬਰ ਨੇ ਉਸ ਨੂੰ ਕਮਰੇ ਦਿਵਾਉਣ ਵਿਚ ਅਹਿਮ ਰੋਲ ਅਦਾ ਕੀਤਾ ਸੀ ਉਸਤੇ ਇਕ ਦਹਿਸ਼ਤਗਰਦ ਦੀ ਮਦਦ ਕਰਨ ਦਾ ਦੋਸ਼ ਲਾਕੇ ਐਨ.ਐਸ.ਏ. ਅਧੀਨ ਜੇਲ੍ਹ ਵਿਚ ਬੰਦ ਕਰ ਦਿਤਾ।

ਇਸ 'ਤੇ ਕਮੇਟੀ ਦੇ ਬਾਕੀ ਮੈਂਬਰ ਡਰ ਗਏ ਅਤੇ ਉਹਨਾਂ ਨੇ ਰਾਜਿੰਦਰ ਸਿੰਘ ਨੂੰ ਗੁਰਦਵਾਰੇ ਦੇ ਕਮਰੇ ਖਾਲੀ ਕਰਨ ਲਈ ਕਹਿ ਦਿਤਾ। ਰਾਜਿੰਦਰ ਸਿੰਘ ਨੂੰ ਇਹ ਕਮਰੇ ਵੀ ਖਾਲੀ ਕਰਨੇ ਪਏ।

ਅਖੀਰ ਉਸਨੇ ਇਕ ਕਮਰੇ ਵਾਲੇ ਸ਼ੈਡ ਵਿਚ ਸ਼ਰਨ ਲਈ ਹੈ। ਇਸ ਸ਼ੈਡ ਦਾ ਕੋਈ ਦਰਵਾਜਾ ਨਹੀਂ ਹੈ। ਜਿਸ ਕਰਕੇ ਦਰਵਾਜ਼ੇ ਦੀ ਥਾਂ ਉਸਨੂੰ ਪਰਦੇ ਲਟਕਾਉਣੇ ਪਏ ਹਨ ਇਕੋ ਕਮਰੇ ਦੇ ਵਿਚੇ ਰਸੋਈ ਹੈ, ਵਿਚੇ ਹੀ ਮੰਜੇ ਬਿਸਤਰੇ ਲਾਏ ਹੋਏ ਹਨ ਅਤੇ ਵਿਚੇ ਹੀ ਹੋਰ ਸਾਜ ਸਮਾਨ ਹੈ। ਸ਼ੈਡ ਦੀ ਛਤ ਵੀ ਟੀਨ ਦੀ ਹੈ। ਰਾਜਿੰਦਰ ਸਿੰਘ ਦੀ ਪਤਨੀ ਨੂੰ ਐਗਜ਼ੀਮੇ ਦੀ ਬਿਮਾਰੀ ਹੋ ਗਈ ਹੈ। ਉਸਦੇ ਬੱਚੇ ਵੀ ਅਕਸਰ ਹੀ ਬਿਮਾਰ ਰਹਿੰਦੇ ਹਨ ਅਤੇ ਉਸਨੂੰ ਆਪ ਵੀ ਇਕ ਵਾਰ ਹਸਪਤਾਲ ਵਿਚ ਦਾਖਲ ਹੋਣਾ ਪਿਆ ਹੈ।

ਤਿੰਨ ਸੀ. ਆਈ. ਡੀ. ਦੇ ਬੰਦੇ ਲਗਾਤਾਰ ਉਸਦਾ ਪਿੱਛਾ ਕਰਦੇ ਰਹਿੰਦੇ ਹਨ। ਇਸ ਲਈ ਹਰ ਕੋਈ ਉਸ ਨਾਲ ਮਿਲਵਰਤਣ ਰੱਖਣੋਂ ਤ੍ਰਹਿੰਦਾ ਹੈ। ਉਸ ਨਾਲ ਸਾਂਝ ਰੱਖਕੇ ਕੋਈ ਵੀ ਹਾਕਮਾਂ ਦੇ ਗੁੱਸੇ ਨੂੰ ਮੁੱਲ ਨਹੀਂ ਲੈਣਾ ਚਾਹੁੰਦਾ।

(ਬਾਕੀ ਸਫਾ 22 ਦੀ)

## ਬੰਦੂਕ ਦੀ ਵੋਟ 'ਤੇ ਜਿੱਤ

ਲੁਟੇਰੀਆਂ ਜਮਾਤਾਂ ਦਾ ਤਰਕ ਹਮੇਸ਼ਾਂ ਸਿਰ ਪਰਨੇ ਹੁੰਦਾ ਹੈ। ਪ੍ਰੇਮਦਾਸਾ ਅਨੁਸਾਰ ਉਸਦੀ ਜਿੱਤ "ਵੋਟ ਦੀ ਬੰਦੂਕ ਉਤੇ ਜਿੱਤ ਹੈ" ਜਦੋਂ ਕਿ ਸਚਾਈ ਇਸਦੇ ਬਿਲਕੁਲ ਉਲਟ ਹੈ। ਸ੍ਰੀ ਲੰਕਾ ਦੇ ਤਮਿਲ ਖੇਤਰਾਂ 'ਚ ਇਕ ਲੱਖ ਤੋਂ ਵਧ ਭਾਰਤੀ ਫੌਜਾਂ ਤੇ ਸਿਨਹਾਲੀ ਖੇਤਰਾਂ ਵਿਚ ਸਾਰੀ ਸ੍ਰੀ ਲੰਕਾ ਦੀ ਪੁਲੀਸ ਅਤੇ ਫੌਜ ਦੀਆਂ ਸੰਗੀਨਾਂ ਦੇ ਸਾਏ ਹੇਠ ਇਹ ਚੋਣਾਂ ਲੜੀਆਂ ਗਈਆਂ ਹਨ। ਕਈ ਹਫਤਿਆਂ ਤੋਂ ਸਾਰੇ ਦੇਸ਼ ਵਿਚ ਰਾਤ ਦਾ ਕਰਫਿਊ, ਚੋਣਾਂ ਦੇ ਬਾਈਕਾਟ ਦਾ ਪ੍ਰਚਾਰ ਕਰਨ ਵਾਲੇ ਨੂੰ ਗੋਲੀ ਮਾਰਨ ਦਾ ਹੁਕਮ ਜਾਂ ਉਮਰ ਕੈਦ ਦੀ ਸਜ਼ਾ, ਹੜਤਾਲ, ਮੁਜਾਹਰਾ ਕਰਨ ਦੇ ਪੋਸਟਰ ਕੋਲ ਰਖਣ 'ਤੇ ਗੋਲੀ ਮਾਰਨ ਦਾ ਫਾਸ਼ੀ ਫੁਰਮਾਨ, ਫਸਾਦੀਆਂ ਨੂੰ ਦੇਖਦਿਆਂ ਹੀ ਗੋਲੀ ਮਾਰਨ ਦੇ ਹੁਕਮ ਅਧੀਨ ਜੇ ਕੋਈ ਇਹ ਕਹੇ ਕਿ ਇਹ ਵੋਟਾਂ ਦੀ ਬੰਦੂਕ 'ਤੇ ਜਿੱਤ ਹੈ ਤਾਂ ਇਸ ਤੋਂ ਵੱਡਾ ਫਰਾਡ ਹੋਰ ਕੀ ਹੋ ਸਕਦਾ ਹੈ। ਸਗੋਂ ਅਸਲੀਅਤ ਇਹ ਹੈ ਕਿ ਇਹ ਬੰਦੂਕ ਦੇ ਜ਼ੋਰ 'ਤੇ ਪਵਾਈਆਂ ਗਈਆਂ ਵੋਟਾਂ ਹਨ। ਇਸ ਸਾਰੇ ਕੁਝ ਦੇ ਬਾਵਜੂਦ ਇਸ ਵਾਰ ਹੁਣ ਤਕ ਦੀਆਂ ਸਭ ਤੋਂ ਘੱਟ ਵੋਟਾਂ ਪੋਲ ਹੋਈਆਂ ਹਨ।

ਜਿਵੇਂ ਕਿ ਟਾਈਮਜ਼ ਆਫ ਇੰਡੀਆ ਨੇ ਲਿਖਿਆ, "ਸ੍ਰੀ ਲੰਕਾ ਦੀ ਰਾਸ਼ਟਰਪਤੀ ਦੀ ਚੋਣ ਬਾਰੇ ਮਹੱਤਵ ਪੂਰਨ ਪੱਖ ਇਹ ਨਹੀਂ ਕਿ ਕੌਣ ਜਿਤਿਆ ਹੈ ਮਹੱਤਵਪੂਰਨ ਇਹ ਹੈ ਕਿ ਚੋਣਾਂ ਹੋ ਗਈਆਂ ਹਨ।" ਜਿਸਦਾ ਮਤਲਬ ਹੈ ਕਿ ਸ੍ਰੀ ਲੰਕਾ 'ਚ ਸਿਆਸੀ ਹਾਲਤ ਏਨੀ ਅਸਥਿਰ ਹੈ ਕਿ ਹਕੂਮਤ ਕਿਸੇ ਵੇਲੇ ਵੀ ਤਿੜਕ ਸਕਦੀ ਹੈ। ਪਰ ਦੇਖਣ ਵਾਲੀ ਗੱਲ ਇਹ ਹੈ ਕਿ ਚੋਣਾਂ ਜਿੱਤਣ ਤੋਂ ਬਾਦ ਇਹ ਅਸਥਿਰਤਾ ਖਤਮ ਹੋ ਜਾਵੇਗੀ? ਗੱਲ ਇਉਂ ਨਹੀਂ ਹੈ ਜਿਹੜਾ ਪ੍ਰੇਮਦਾਸਾ ਇਸ ਲਾਰੇ 'ਤੇ ਚੋਣ ਜਿੱਤਿਆ ਹੈ ਕਿ ਉਹ ਰਾਸ਼ਟਰਪਤੀ ਬਣਦਿਆਂ ਹੀ ਸ੍ਰੀ ਲੰਕਾ ਚੋਂ ਭਾਰਤੀ ਫੌਜਾਂ ਬਾਹਰ ਕੱਢਣ ਲਈ ਕਹੇਗਾ ਤੇ ਜਿਸ ਬਾਰੇ ਪਹਿਲਾਂ ਤੋਂ ਹੀ ਇਹ ਪ੍ਰਚਾਰ ਕੀਤਾ ਗਿਆ ਸੀ ਕਿ ਉਹ ਸ੍ਰੀ ਲੰਕਾ 'ਚ ਭਾਰਤੀ ਫੌਜਾਂ ਦੇ ਦਾਖਲੇ ਦੇ ਵਿਰੁੱਧ ਸੀ ਜੇ ਉਹ ਭਾਰਤੀ ਫੌਜਾਂ ਨੂੰ ਬਾਹਰ ਨਿਕਲਣ ਲਈ ਨਹੀਂ ਕਹਿੰਦਾ ਤਾਂ ਕੀ ਸਮੁੱਚੇ ਦੇਸ਼ ਦੇ ਏਨੇ ਭਖੇ ਸਿਆਸੀ ਮਹੌਲ ਵਿਚ ਇਸ ਦਾ ਲਾਹਾ ਵੀ ਜੇ.ਵੀ.ਪੀ. ਨੂੰ ਹੀ ਮਿਲੇਗਾ। ਦਿੱਲੀ ਸਰਕਾਰ ਨੇ ਵੀ ਇਸੇ ਕਰਕੇ ਪਰੇਮਦਾਸਾ ਦੀ ਜਿੱਤ 'ਤੇ ਕੋਈ ਬਹੁਤਾ ਪ੍ਰਤੀ ਕਰਮ ਨਹੀਂ ਦਿਖਾਇਆ। ਉਹ ਸ੍ਰੀ ਲੰਕਾ ਚੋਂ ਭਾਰਤੀ ਫੌਜਾਂ ਬਾਹਰ ਕੱਢਣ ਦੇ ਮਸਲੇ ਬਾਰੇ ਅਜੇ ਉਸਦਾ ਰੌਂਅ ਜਾਨਣਾ ਚਾਹੁੰਦੀ ਹੈ। ਪਰ ਅੰਦਰੋ ਅੰਦਰ ਇਹ ਚਿੰਤਾ ਉਸਨੂੰ ਵੱਢ ਵੱਢ ਖਾਈ ਜਾ ਰਹੀ ਹੈ ਕਿ ਜੇ ਲੋਕਾਂ ਦੇ ਭਾਰਤ ਵਿਰੋਧੀ ਜਜ਼ਬਾਤਾਂ ਦੇ ਦਬਾਅ ਹੇਠ ਉਸਨੇ ਭਾਰਤੀ ਫੌਜਾਂ ਨੂੰ ਬਾਹਰ ਕੱਢਣ ਲਈ ਕਹਿ ਦਿੱਤਾ ਤਾਂ ਇਕ ਸਿਆਸੀ ਸੰਕਟ ਖੜਾ ਹੋ ਜਾਵੇਗਾ। ਪਰ ਭਾਰਤੀ ਹਾਕਮਾਂ ਨੂੰ ਇਹ ਵੀ ਪਤਾ ਹੈ ਕਿ ਜੇ ਪਰੇਮ ਦਾਸਾ ਨੇ ਸ੍ਰੀ ਲੰਕਾ 'ਚੋਂ ਭਾਰਤੀ ਫੌਜਾਂ ਨੂੰ ਨਿਕਲਣ ਦਾ ਹੁਕਮ ਦਿਤਾ ਤਾਂ ਉਸ ਕੋਲ ਏਨੀ ਪੁਲੀਸ ਫੌਜ ਨਹੀਂ ਹੈ ਕਿ ਉਹ ਤਮਿਲ ਅਤੇ ਸਿਨਹਾਲੀ ਦੋਹਾਂ ਖੇਤਰਾਂ ਵਿਚ ਇਕੋ ਵੇਲੇ ਤਮਿਲ ਮੁਕਤੀ ਚੀਤਿਆਂ ਅਤੇ ਜੇ.ਵੀ.ਪੀ. ਦਾ ਮੁਕਾਬਲਾ ਕਰ ਸਕੇ। ਉਸਦੀ ਇਸੇ ਮਜਬੂਰੀ ਕਰਕੇ ਕੇਂਦਰੀ ਹਾਕਮ ਕੁਝ ਤਸੱਲੀ ਵਾਲੇ ਰੌਂਅ 'ਚ ਹਨ। ਪਰ ਇਹ ਤਸੱਲੀ ਕਿੰਨੀ ਕੁ ਸੱਚ ਨਿਕਲਦੀ ਹੈ ਉਸਦਾ ਪਤਾ ਆਉਣ ਵਾਲੇ ਕੁਝ ਦਿਨਾਂ 'ਚ ਲਗੇਗਾ।

# ਬਰਨਾਲੇ ਨੂੰ ਸਜ਼ਾ : ਸਿਆਸੀ ਸਥਾਪਤੀ ਦਾ ਢਕਵੰਜ

ਪਿਛਲੇ ਮਹੀਨੇ ਦਰਸ਼ਨ ਸਿੰਘ ਰਾਗੀ ਵਲੋਂ ਸੁਰਜੀਤ ਸਿੰਘ ਬਰਨਾਲੇ ਨੂੰ ਸ੍ਰੀ ਅਕਾਲ ਤਖਤ 'ਤੇ ਸੱਦ ਕੇ ਜਿਹੜੀ ਸਜ਼ਾ ਦਿੱਤੀ ਗਈ ਹੈ ਉਸ 'ਤੇ ਪੰਜਾਬ ਅਤੇ ਦਿੱਲੀ ਦੇ ਸਿਆਸੀ ਹਲਕਿਆਂ 'ਚ ਖੂਬ ਹੀ ਹੱਲਾ ਮਚਿਆ ਹੈ। ਧਰਮ ਅਤੇ ਰਾਜਨੀਤੀ ਦੇ ਸਬੰਧਾਂ ਬਾਰੇ ਇਕ ਵਾਰ ਫਿਰ ਚਰਚਾ ਛਿੜੀ ਹੈ। ਦਿੱਲੀ ਦਰਬਾਰ ਦੇ ਕੁੱਝ ਪੈਰੋਕਾਰਾਂ ਵਲੋਂ ਸ੍ਰੀ ਅਕਾਲ ਤਖਤ 'ਤੇ ਪੇਸ਼ ਹੋਣ ਕਾਰਨ ਬਰਨਾਲੇ ਨੂੰ ਕੋਸਿਆ ਗਿਆ ਹੈ। ਕਈਆਂ ਵਲੋਂ ਮੁੱਖ ਗਰੰਥੀਆਂ 'ਤੇ ਸਿਖ ਧਰਮ ਨੂੰ ਪੰਦਰਵੀਂ ਸਦੀ 'ਚ ਲਿਜਾ ਸੁੱਟਣ ਦੇ ਦੋਸ਼ ਵੀ ਮੜੇ ਗਏ ਹਨ। ਅਸਲ ਵਿਚ ਇਹ ਸਾਰੀ ਕਾਰਵਾਈ ਕੀ ਹੈ : ਇਸ ਘਟਨਾ ਕਰਮ ਦਾ ਵਿਸ਼ਲੇਸ਼ਣ ਕੀਤਿਆਂ ਸਭ ਕੁਝ ਸਾਡੇ ਸਾਹਮਣੇ ਸਪਸ਼ਟ ਹੋ ਜਾਂਦਾ ਹੈ।

ਬਰਨਾਲੇ ਦੀ ਸਜ਼ਾ ਦਾ ਮਸਲਾ ਨਾ ਪਹਿਲਾਂ ਧਾਰਮਿਕ ਸੀ ਨਾ ਹੁਣ ਧਾਰਮਿਕ ਹੈ। ਇਹ ਸ਼ੁੱਧ ਸਿਆਸੀ ਮਸਲਾ ਹੈ। ਪਰ ਇਸ ਨੂੰ ਦੋ ਪਧਰ 'ਤੇ ਦੇਖਣ ਦੀ ਲੋੜ ਹੈ। ਇਕ ਦਿਲੀ ਪੱਧਰ 'ਤੇ ਅਤੇ ਦੂਜਾ ਪੰਜਾਬ ਪੱਧਰ 'ਤੇ। ਦਰਸ਼ਨ ਸਿੰਘ ਰਾਗੀ ਵਲੋਂ ਬਰਨਾਲੇ ਨੂੰ ਸਿਖ ਪੰਥ 'ਚੋਂ ਖਾਰਜ ਕਰਨ ਤੋਂ ਪਹਿਲਾ ਹੀ ਬਰਨਾਲਾ, ਕੇਂਦਰ ਨਾਲ ਕੀਤੇ ਅਖੌਤੀ ਪੰਜਾਬ ਸਮਝੌਤੇ ਨੂੰ ਵੀ ਲਾਗੂ ਕਰਵਾਉਣ 'ਚ ਅਸਫਲ ਰਹਿਣ, ਚੰਡੀਗੜ੍ਹ ਪੰਜਾਬ ਨੂੰ ਦਿਵਾਉਣ ਦੀ ਬਜਾਏ ਆਪ ਸਤਲੁਜ ਜਮਨਾ ਨਹਿਰ ਪੁੱਟਕੇ ਦੇਣ, ਅਨੰਦਪੁਰ 'ਚ ਸਿਖ ਸਟੂਡੈਂਟਸ ਫੈਡਰੇਸ਼ਨ ਦੇ ਇਕਠ 'ਤੇ ਗੋਲੀ ਚਲਾ ਕੇ ਸਿਖ ਨੌਜਵਾਨਾਂ ਨੂੰ ਕਤਲ ਕਰਨ, ਸਿੱਖ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰਨ, ਡੇਰਾ ਬਾਬਾ ਨਾਨਕ 'ਚ ਬੀ. ਐਸ. ਐਫ. ਵਲੋਂ ਕੀਤ ਗਏ ਸਿਖ ਨੌਜਵਾਨਾਂ ਦੇ ਕਤਲੇਆਮ ਬਾਰੇ ਜਾਂਚ ਕਰਵਾਉਣ ਤੋਂ ਇਨਕਾਰ ਕਰਨ ਅਤੇ ਸਿੱਖ ਜਨਤਾ ਨੂੰ ਥਾਣਿਆਂ ਵਿਚ ਜਲੀਲ ਕਰਨ ਤੇ ਇਹੋ ਜਿਹੇ ਅਨੇਕਾਂ ਹੋਰ ਕੁਕਰਮਾਂ ਕਰਕੇ ਹੌਲੀ ਹੌਲੀ ਸਿਖ ਜਨਤਾ ਦੇ ਮਨੋਂ ਲਹਿੰਦਾ ਗਿਆ ਸੀ। ਦਰਬਾਰ ਸਾਹਿਬ 'ਚ ਪੁਲਿਸ ਵਾੜਨ ਦੀ ਘਟਨਾ ਸਿਖ ਭਾਈਚਾਰੇ ਨੂੰ ਜਲੀਲ ਕਰਨ ਦੀ ਅੱਤ ਸੀ। ਇਸ ਕਰਕੇ ਸਿਖਾਂ 'ਚ ਆਪਣੀ ਸ਼ਾਖ ਬਿਲਕੁਲ ਖੁਰ ਜਾਣ ਦੇ ਡਰੋਂ ਗੁਰਚਰਨ ਸਿੰਘ ਟੌਹੜਾ, ਪ੍ਰਕਾਸ਼ ਸਿੰਘ ਬਾਦਲ, ਸੁਖਜਿੰਦਰ ਸਿੰਘ ਤੇ ਅਮਰਿੰਦਰ ਸਿੰਘ ਆਦਿ ਨੇ ਬਰਨਾਲੇ ਨਾਲੋਂ ਅੱਡ ਹੋਣ ਦਾ ਐਲਾਨ ਕਰ ਦਿੱਤਾ। ਇਸ ਨਾਲ ਸਰਕਾਰੀ ਅਕਾਲੀ ਦਲ ਦੋਫਾੜ ਹੋ ਗਿਆ।

ਪਰ ਇਹ ਸਾਰਾ ਕੁਝ ਬਰਨਾਲੇ ਨੇ ਕਿਸੇ ਧਾਰਮਿਕ ਅਕੀਦੇ 'ਚੋਂ ਨਹੀਂ ਸੀ ਕੀਤਾ ਸਗੋਂ ਆਪਣੀਆਂ ਜਮਾਤੀ ਅਤੇ ਸਿਆਸੀ ਗਰਜਾਂ 'ਚੋਂ ਕੀਤਾ ਸੀ। ਇਸ ਲਈ ਜਦੋਂ ਉਸਨੇ ਕੇਂਦਰੀ ਹਕੂਮਤ ਤੇ ਕਾਂਗਰਸ ਦੀ ਮਦਦ ਨਾਲ ਪੰਜਾਬ 'ਚ ਰਿਬੇਰੋ ਦੀ ਅਗਵਾਈ 'ਚ ਸਿਖ ਭਾਈਚਾਰੇ 'ਤੇ ਜਬਰ ਜ਼ੁਲਮ ਜਾਰੀ ਰਖਿਆ ਤਾਂ ਦਿੱਲੀ ਸਰਕਾਰ ਅਤੇ ਦਿਲੀ ਦੇ ਸਮੁੱਚੇ ਪਰੈਸ ਨੇ ਬਰਨਾਲੇ ਦਾ ਬੜਾ ਗੁਣਗਾਨ ਕੀਤਾ। ਇਥੋਂ ਤੱਕ ਕਿ ਲੋਕ ਸਭਾ ਵਿਚ ਰਾਸ਼ਟਰਪਤੀ ਦੇ ਭਾਸ਼ਣ 'ਚ ਬਰਨਾਲੇ ਦੀ ਮਹਿਮਾ ਗਾਈ ਗਈ। ਜਦੋਂ ਅਕਾਲੀਆਂ ਦੀ ਵਿਰੋਧੀ ਧਿਰ ਨੇ ਦੇਖਿਆ ਕਿ ਬਰਨਾਲਾ ਉਨ੍ਹਾਂ ਤੋਂ ਬਿਨਾਂ ਹੀ ਕਾਂਗਰਸ ਦੀ ਮੱਦਦ ਨਾਲ ਮੁਖ ਮੰਤਰੀ ਦੀ ਗੱਦੀ ਤੇ ਕਾਬਜ਼ ਰਹਿ ਰਿਹਾ ਹੈ ਤਾਂ ਉਨ੍ਹਾਂ ਨੇ ਸ਼ਰੋਮਣੀ ਕਮੇਟੀ 'ਤੇ ਆਪਣੇ ਕਬਜ਼ੇ ਦੇ ਆਸਰੇ ਉਸਨੂੰ ਠਿੱਬੀ ਲਾਉਣ ਦੀ ਤਾਲ ਚੱਲੀ। ਦਰਸ਼ਨ ਸਿੰਘ ਰਾਗੀ ਰਾਹੀਂ ਅਕਾਲੀ ਦਲਾਂ 'ਚ ਏਕਤਾ ਦੇ ਨਾਂ 'ਤੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਫੁਰਮਾਨ ਜਾਰੀ ਕਰਾ ਦਿੱਤਾ ਕਿ ਬਰਨਾਲਾ ਆਪਣੇ ਅਕਾਲੀ ਦਲ ਤੋਂ ਅਸਤੀਫ਼ਾ ਦੇ ਦੇਵੇ ਤਾਂ ਕਿ ਅਕਾਲੀ ਦਲ ਦਾ ਪੁਨਰਗਠਨ ਕੀਤਾ ਜਾ ਸਕੇ। ਪਰ ਦਿੱਲੀ ਦਰਬਾਰ ਦੇ ਘੋੜੇ ਚੜ੍ਹਿਆ ਬਰਨਾਲਾ ਇਉਂ ਕਿਵੇਂ ਕਰ ਸਕਦਾ ਸੀ। ਇਸ ਲਈ ਉਸਨੇ ਆਪਣੀਆਂ ਜਮਾਤੀ ਅਤੇ ਸਿਆਸੀ ਗਰਜਾਂ ਤਹਿਤ ਆਪਣੇ ਅਕਾਲੀ ਦਲ ਦੀ ਪ੍ਰਧਾਨਗੀ ਤੇ ਟੇਢੇ ਢੰਗ ਨਾਲ ਮੁੱਖ ਮੰਤਰੀ ਦੀ ਕੁਰਸੀ ਤੋਂ ਅਸਤੀਫਾ ਦੇਣ ਤੋਂ ਇਨਕਾਰ ਕਰ ਦਿਤਾ। ਅਤੇ ਆਪਣੇ ਦਿੱਲੀ ਦੇ ਮਾਲਕਾਂ ਦੇ ਹੁਕਮਾਂ 'ਤੇ ਫੁੱਲ ਚਾੜ੍ਹਦਿਆਂ ਹੋਇਆਂ ਸਿੱਖ ਨੌਜਵਾਨਾਂ ਦੇ ਖੂਨ ਦੀ ਹੋਲੀ ਖੇਡਣੀ ਜਾਰੀ ਰੱਖੀ। ਦਰਸ਼ਨ ਸਿੰਘ ਰਾਗੀ ਨੇ ਆਪਣੀਆਂ ਸਿਆਸੀ ਗਿਣਤੀਆਂ ਮਿਣਤੀਆਂ ਤੇ ਬਰਨਾਲੇ ਪ੍ਰਤੀ ਸਿੱਖਾਂ ਦੇ ਮਨ 'ਚ ਭਰੀ ਨਫਰਤ ਕਰਕੇ ਭਾਈਚਾਰੇ 'ਚ ਆਪਣੀ ਸ਼ਾਖ ਬਣਾਈ ਰਖਣ ਲਈ ਬਰਨਾਲੇ ਨੂੰ ਸਿੱਖ ਪੰਥ 'ਚੋਂ ਖਾਰਜ ਕਰ ਦਿੱਤਾ। ਬੱਸ ਫਿਰ ਕੀ ਸੀ ਦਿੱਲੀ ਦੀ ਸਾਰੀ ਪਰੈਸ, ਰੇਡਿਓ ਅਤੇ ਟੀ. ਵੀ. ਤੇ ਸੁਰਜੀਤ ਸਿੰਘ ਬਰਨਾਲੇ ਦਾ ਉਹ ਗੁੱਡਾ ਬੰਨਿਆ ਕੇ ਦੇਖਣਾ ਹੀ ਬਣਦਾ ਸੀ। ਬਰਨਾਲਾ ਦੇਸ਼ ਦਾ ਸਭ ਤੋਂ ਵੱਡਾ ਦੇਸ਼ ਭਗਤ, ਕੌਮ ਪ੍ਰਸਤ, ਧਰਮ ਨਿਰਪੱਖ ਅਤੇ ਪਤਾ ਨਹੀਂ ਕੀ ਕੀ ਬਣਾ ਕੇ ਪੇਸ਼ ਕੀਤਾ ਗਿਆ। ਪਰ ਤਿੰਨ ਮਹੀਨੇ ਬਾਦ ਹੀ ਜਦੋਂ ਕੇਂਦਰ ਨੇ ਦੇਖਿਆ ਕਿ ਪੰਜਾਬ 'ਚ ਜੁਲਮ ਦਾ ਕੱਟਕ ਹੋਰ ਤੇਜ਼ ਕਰਨ ਲਈ ਪੰਜਾਬ ਦੀ ਹਕੂਮਤ ਸਿੱਧੀ ਆਪਣੇ ਹਥ ਲੈਣ ਦੀ ਲੋੜ ਹੈ ਅਤੇ ਦੂਸਰਾ ਹਰਿਆਣਾ 'ਚ ਚੋਣਾਂ ਜਿੱਤਣ ਦੇ ਮਕਸਦ ਨਾਲ ਰਾਜੀਵ ਹਕੂਮਤ ਨੇ ਬਰਨਾਲੇ ਦੀ ਢੂਹੀ 'ਤੇ ਲੱਤ ਮਾਰ ਦਿੱਤੀ ਅਤੇ ਰਾਤੋ ਰਾਤ ਦੇਸ਼ ਭਗਤ, ਕੌਮ ਪ੍ਰਸਤ ਬਰਨਾਲਾ ਅੱਤਵਾਦੀਆਂ ਦਾ ਸੰਗੀ ਬਣ ਗਿਆ। ਇਸ ਤਰਾਂ ਧੋਬੀ ਦੇ ਕੁੱਤੇ ਵਾਂਗ ਬਰਨਾਲੇ ਨੇ ਸਿੱਖ ਭਾਈਚਾਰੇ 'ਚੋਂ ਆਪਣੀ ਸ਼ਾਖ ਤਾਂ ਗੁਆਈ ਹੀ ਨਾਲ ਹੀ ਮੁੱਖ ਮੰਤਰੀ ਦੀ ਕੁਰਸੀ ਤੋਂ ਵੀ ਹੱਥ ਧੋ ਬੈਠਾ। ਉਦੋਂ ਤੋਂ ਹੀ ਬਰਨਾਲਾ

ਤੇ ਉਸਦੀ ਮੌਕਾ ਪ੍ਰਸਤ ਬਲਵੰਤ-ਚੰਦੂਮਾਜਰਾ ਢਾਣੀ ਸਿੱਖ ਭਾਈਚਾਰੇ 'ਚ ਆਪਣੀ ਸਾਖ ਬਹਾਲ ਕਰਨ ਲਈ ਮੌਕੇ ਦੀ ਭਾਲ 'ਚ ਸੀ। ਇਹ ਮੌਕਾ ਹੁਣ ਉਸਨੂੰ ਜਗਦੇਵ ਸਿੰਘ ਤਲਵੰਡੀ ਨੇ ਮੁਹੱਈਆ ਕਰ ਦਿੱਤਾ। ਸਿੱਖ ਖਾੜਕੂਆਂ ਦੀਆਂ ਬੇਹੱਦ ਗਲਤ ਕਾਰਵਾਈਆਂ ਸਦਕਾ ਸਿੱਖ ਭਾਈਚਾਰੇ 'ਚ ਉਨ੍ਹਾਂ ਦੇ ਘਟ ਰਹੇ ਪ੍ਰਭਾਵ ਦਾ ਲਾਹਾ ਲੈਣ ਦੇ ਮਕਸਦ ਨਾਲ ਜਗਦੇਵ ਸਿੰਘ ਤਲਵੰਡੀ, ਅਕਾਲੀ ਦਲ ਦੀਆਂ ਖਿੰਡਰੀਆਂ ਫਾਕਾਂ ਨੂੰ ਇਕੱਠਾ ਕਰਕੇ ਪੰਜਾਬ ਦੀ ਰਾਜ ਸੱਤਾ 'ਤੇ ਕਬਜ਼ਾ ਕਰਨ ਦੀ ਆਸ ਨਾਲ ਇਕ ਵਾਰ ਫਿਰ ਸਰਗਰਮ ਹੋਇਆ ਹੈ। ਇਨ੍ਹਾਂ ਸਰਗਰਮੀਆਂ ਦਾ ਸਿੱਟਾ ਹੀ ਹੈ ਕਿ ਉਹੀ ਦਰਸ਼ਨ ਸਿੰਘ ਰਾਗੀ ਜਿਸਨੇ ਬਰਨਾਲੇ ਨੂੰ ਸਿੱਖ ਭਾਈਚਾਰੇ ਚੋਂ ਖਾਰਜ ਕੀਤਾ ਸੀ ਇਕ ਵਾਰ ਫਿਰ ਉਸਨੂੰ ਸਿੱਖ ਭਾਈਚਾਰੇ 'ਚ ਸ਼ਾਮਲ ਕਰਨ ਲਈ ਉਤਾਵਲਾ ਨਜ਼ਰ ਆਇਆ। ਮੌਕਾਪ੍ਰਸਤੀ ਦੀ ਹੱਦ ਇਹ ਕਿ ਜਿਹੜਾ ਬਰਨਾਲਾ ਬਾਕੀ ਭਾਈਚਾਰੇ ਵਾਸਤੇ ਛੇਕਿਆ ਹੋਇਆ ਸੀ ਉਸੇ ਬਰਨਾਲੇ ਨਾਲ ਜਗਦੇਵ ਸਿੰਘ ਤਲਵੰਡੀ ਤੇ ਅਮਰਿੰਦਰ ਸਿੰਘ ਪਰੈਸ 'ਚ ਨਸ਼ਰ ਹੁੰਦੀਆਂ ਗੁਪਤ ਮੀਟਿੰਗਾਂ ਕਰਦੇ ਰਹੇ। ਇਨ੍ਹਾਂ ਸਾਰੀਆਂ ਕੋਸ਼ਿਸ਼ਾਂ ਪਿਛੇ ਉਨ੍ਹਾਂ ਦਾ ਇਕੋ ਇਕ ਮਕਸਦ ਸਾਕਾ ਕਾਲੀ ਗਰਜ਼ ਤੋਂ ਬਾਦ ਖਾੜਕੂਆਂ ਦੇ ਸਿੱਖਾਂ 'ਚ ਘਟੇ ਪ੍ਰਭਾਵ ਦਾ ਲਾਹਾ ਲੈ ਕੇ ਸਿੱਖ ਭਾਈਚਾਰੇ 'ਚ ਅਕਾਲੀ ਦਲ ਦੇ ਪ੍ਰਭਾਵ ਨੂੰ ਮੁੜ ਸਥਾਪਤ ਕਰਕੇ ਪੰਜਾਬ ਸਰਕਾਰ ਦੀ ਕੁਰਸੀ 'ਤੇ ਦਾਅਵਾ ਜਤਲਾਉਣਾ ਹੈ। ਦਿੱਲੀ ਦੀ ਰਖੇਲ ਪਰੈਸ ਅਤੇ ਸਰਕਾਰੀ ਪ੍ਰਸਾਰ ਸਾਧਨਾ ਵਲੋਂ ਜਿਹੜਾ ਇਸ ਸਜ਼ਾ ਬਾਰੇ ਹੋ ਹੱਲਾ ਮਚਾਇਆ ਗਿਆ ਹੈ ਇਸਦਾ ਮਨਸਾ ਵੀ ਸਿਆਸੀ ਹੈ। ਜਿਹੜੀ ਸਿੱਖ ਮੁੱਖ ਗਰੰਥੀਆਂ ਵਲੋਂ ਧਰਮ ਨੂੰ ਸਿਆਸਤ ਵਾਸਤੇ ਵਰਤਣ ਦੀ ਡੌਂਡੀ ਪਿੱਟੀ ਜਾ ਰਹੀ ਹੈ ਇਹ ਕੇਂਦਰੀ ਹਾਕਮਾਂ ਨੂੰ ਵੀ ਪਤਾ ਹੈ ਕਿ ਉਹ ਵੀ ਆਪ ਧਰਮ ਨੂੰ ਸਿਆਸਤ ਲਈ ਵਰਤਦੇ ਆ ਰਹੇ ਹਨ ਅਤੇ ਵਰਤਦੀ ਰਹਿਣਗੇ। ਰਾਜੀਵ ਗਾਂਧੀ ਦਾ ਮੱਥੇ 'ਤੇ ਵੱਡੇ ਵੱਡੇ ਤਿਲਕ ਲਾ ਮੰਦਰਾਂ 'ਚ ਨੱਕ ਰਗੜਣਾ, ਟੀ. ਵੀ. 'ਤੇ ਰਮਾਇਣ, ਮਹਾਂਭਾਰਤ ਦਾ ਪਰਸਾਰਣ ਅਤੇ ਇਹੋ ਜਿਹੇ ਕਈ ਹੋਰ ਖੇਖਣ ਕਾਂਗਰਸ ਵਲੋਂ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਆਪਣੀ ਸਿਆਸੀ ਲੋੜਾਂ ਲਈ ਵਰਤਣ ਦੀਆਂ ਮਿਸਾਲਾਂ ਹੀ ਹਨ। ਜਿਥੋਂ ਤਕ ਬਰਨਾਲੇ ਨੂੰ ਸਜ਼ਾ ਦੀ ਗੱਲ ਹੈ ਦਿੱਲੀ ਸਰਕਾਰ ਤੇ ਉਸਦੇ ਪੈਰੋਕਾਰਾਂ ਨੂੰ ਏਨੀ ਤਕਲੀਫ ਜ਼ਰੂਰ ਹੋਈ ਹੈ ਕਿ ਉਨ੍ਹਾਂ ਦੇ ਹੁਕਮਾਂ ਨੂੰ ਸਿਰ ਮੱਥੇ ਮੰਨਕੇ ਆਪਣੇ ਭਾਈ-ਚਾਰੇ 'ਤੇ ਜਬਰ ਕਰਨ ਵਾਲੇ ਉਨ੍ਹਾਂ ਦੇ ਹੱਥ ਠੋਕੇ ਨੂੰ ਜ਼ਲੀਲ ਹੋਣਾ ਪਿਆ ਹੈ। ਉਹ ਇਸ ਗੱਲ ਉਤੇ ਔਖੇ ਹਨ ਕਿ ਉਨ੍ਹਾਂ ਦੀ ਹਕੂਮਤ ਵਿਚ ਉਨ੍ਹਾਂ ਦੇ ਕਿਸੇ ਹੱਥ ਠੋਕੇ ਨੂੰ ਇਉਂ ਸ਼ਰੇਆਮ ਜ਼ਲੀਲ ਕੀਤਾ ਜਾਵੇ। ਪਰ ਇਕ ਗੱਲ ਦੀ ਉਨ੍ਹਾਂ ਨੂੰ ਸੰਤੁਸ਼ਟੀ ਹੈ ਕਿ ਉਨ੍ਹਾਂ ਦੇ ਵੀਲੇ ਨੂੰ ਅਕਾਲੀ ਦਲ 'ਚ ਮੁੜ ਕੋਈ ਅਹਿਮ ਥਾਂ ਪ੍ਰਾਪਤ ਕਰਨ ਦਾ ਮੌਕਾ ਮੁਹੱਈਆ ਹੋ ਗਿਆ ਹੈ। ਇਹੋ ਜਿਹਾ ਹੱਥ ਠੋਕਾ ਕਦੇ ਔਖੇ ਮੌਕੇ ਫਿਰ ਉਨ੍ਹਾਂ ਦੇ ਕੰਮ ਆ ਸਕਦਾ ਹੈ। ਏਸੇ ਲਈ ਦਿੱਲੀ ਦਰਬਾਰ ਦੇ ਕੁਝ ਪੈਰੋਕਾਰਾਂ ਨੇ ਬਰਨਾਲੇ ਦੀ ਅਕਾਲ ਤਖਤ 'ਤੇ ਪੇਸ਼ ਹੋਣ ਬਾਰੇ ਬੜੇ ਦਬਵੇਂ ਸੁਰ 'ਚ ਹੀ ਆਲੋਚਨਾ ਕੀਤੀ ਹੈ।

ਜਿਥੋਂ ਤੱਕ ਬਰਨਾਲੇ ਨੂੰ ਥੰਮ ਨਾਲ ਬੰਨ੍ਹ ਕੇ ਗਲ 'ਚ ਪਟਾ ਪਾ ਕੇ ਜ਼ਲੀਲ ਕਰਨ ਦਾ ਸੁਆਲ ਹੈ ਇਸ ਪਿਛੇ ਵੀ ਰਾਗੀ ਦਾ ਵਿਸ਼ੇਸ਼ ਮਕਸਦ ਹੈ। ਉਸਨੂੰ ਪਤਾ ਸੀ ਕਿ ਸਿੱਖ ਭਾਈਚਾਰੇ ਦੇ ਮਨਾਂ 'ਚ ਬਰਨਾਲੇ ਪ੍ਰਤੀ ਜਿੰਨੀ ਨਫਰਤ ਪਈ ਹੈ, ਉਸਨੂੰ ਕੁਝ ਹੱਦ ਤਕ ਘਟਾਉਣ ਲਈ ਕਿਸੇ ਨਾਟਕੀ ਦਿਖਾਵੇ ਦੀ ਜ਼ਰੂਰਤ ਹੈ। ਬਰਨਾਲੇ ਨੂੰ ਜ਼ਲੀਲ ਕਰਨ ਦੇ ਡਰਾਮੇ ਪਿਛੇ ਉਸਦਾ ਦੂਹਰਾ ਮਕਸਦ ਸੀ। ਇਕ ਤਾਂ ਇਉਂ ਕਰਕੇ ਸਿਖ ਭਾਈਚਾਰੇ ਵਿਚ ਉਸਦੀ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੇ ਤੌਰ 'ਤੇ ਸਥਾਪਤੀ ਹੁੰਦੀ ਹੈ ਅਤੇ ਦੂਜਾ ਇਸ ਤਰਾਂ ਬਰਨਾਲੇ ਦੀ ਹਲੀਮੀ ਦਾ ਭਰਮ ਪੈਦਾ ਕਰਕੇ ਸਿਖ ਭਾਈਚਾਰੇ 'ਚ ਉਸਦੀ ਸ਼ਾਖ ਮੁੜ ਬਣਾਈ ਜਾ ਸਕੇ।

ਬਰਨਾਲੇ ਦੀ ਸਜ਼ਾ ਨੂੰ ਦੇਖਕੇ ਜੇ ਕਿਸੇ ਨੂੰ ਇਹ ਭਰਮ ਹੋ ਗਿਆ ਹੋਵੇ ਕਿ ਹੁਣ ਕੋਈ ਸਿੱਖ ਆਗੂ ਰਾਜ ਸੱਤਾ ਸਾਂਭਕੇ ਕੇਂਦਰ ਦੇ ਇਸ਼ਾਰੇ 'ਤੇ ਸਿੱਖ ਨੌਜਵਾਨਾਂ ਦੇ ਕਤਲ ਨਹੀਂ ਕਰੇਗਾ, ਸਿੱਖ ਜਨਤਾ ਨੂੰ ਜ਼ਲੀਲ ਕਰਨ ਦੀ ਜੁਰੱਅਤ ਨਹੀਂ ਕਰੇਗਾ ਜਾਂ ਦਰਬਾਰ ਸਾਹਿਬ 'ਚ ਮੁੜ ਪੁਲਿਸ ਵਾੜਨ ਦੀ ਹਿੰਮਤ ਨਹੀਂ ਕਰੇਗਾ ਤਾਂ ਇਹ ਉਸਦਾ ਭੁਲੇਖਾ ਹੈ। ਕਿਉਂਕਿ ਇਨਾਂ ਗੱਲਾਂ ਕਰਕੇ ਤਾਂ ਬਰਨਾਲੇ ਨੂੰ 'ਪੰਥ' 'ਚੋਂ ਕੱਢਿਆ ਹੀ ਨਹੀਂ ਗਿਆ। ਹਾਂ, ਅਕਾਲ ਤਖਤ ਦੀ ਸਰਬਉੱਚਤਾ ਮੰਨਣ ਜਾਂ ਨਾ ਮੰਨਣ ਦੇ ਮਸਲੇ ਨੇ ਹੁਣ ਤੱਕ ਇਹ ਗੱਲ ਜ਼ਰੂਰ ਸਪਸ਼ਟ ਕਰ ਦਿੱਤੀ ਹੈ ਕਿ ਜਦੋਂ ਵੀ ਅਕਾਲ ਤਖਤ ਰਾਜਸੀ ਮਾਮਲਿਆਂ 'ਚ ਦਖਲ ਦੇਵੇਗਾ ਤਾਂ ਇਸ ਪ੍ਰਤੀ ਹੁੰਗਾਰਾ ਵੀ ਬੁਨਿਆਦੀ ਤੌਰ 'ਤੇ ਵੱਖ ਵੱਖ ਧਿਰਾਂ ਵਲੋਂ ਅਪਣਾਈ ਜਾ ਰਹੀ ਸਿਆਸਤ ਦੇ ਅਧਾਰ 'ਤੇ ਹੀ ਦਿੱਤਾ ਜਾਵੇਗਾ। ਜਿਸ ਧਿਰ ਦੀ ਸਿਆਸਤ ਦੀ ਇਹ ਪੂਰਤੀ ਕਰੇਗਾ ਉਹ ਇਸਨੂੰ ਮੰਨੇਗੀ ਤੇ ਦੂਜੀ ਨਹੀਂ। ਕਿਉਂਕਿ ਧਨਾਡ ਸਿੱਖਾਂ ਦੇ ਨੁਮਾਇੰਦੇ ਅਕਾਲੀ ਲੀਡਰ ਆਪਣੇ ਦੋਗਲੇ ਕਿਰਦਾਰ ਸਦਕਾ ਕਦੇ ਫਿਰ ਵੀ ਕੇਂਦਰ ਨਾਲ ਸਮਝੌਤਾ ਕਰ ਸਕਦੇ ਹਨ ਤੇ ਹਕੂਮਤ 'ਚ ਭਾਈਵਾਲ ਬਣਨ ਦੀਆ ਆਪਣੀਆਂ ਜਮਾਤੀ ਤੇ ਸਿਆਸੀ ਲੋੜਾਂ 'ਚੋਂ ਖਾੜਕੂ ਸਿੱਖ ਨੌਜਵਾਨਾ ਤੇ ਪੰਜਾਬੀਆਂ ਨਾਲ ਫਿਰ ਇਹੋ ਕੁਝ ਕਰ ਸਕਦੇ ਸਨ।

(ਬਾਕੀ ਸਫਾ 10 ਦੀ)

ਵਿਅਕਤੀਆਂ ਨੂੰ ਬੰਬਾਂ ਨਾਲ ਉਡਾ ਦੇਣ ਜਾਂ ਏ-ਕੇ 47 ਨਾਲ ਭੁੰਨ ਸੁੱਟਣ ਲਈ ਭਲਾ ਕਿਹੜੀ ਬਹਾਦਰੀ ਦੀ ਲੋੜ ਹੁੰਦੀ ਹੈ ? ਇਸੇ ਕਰਕੇ ਹੀ ਅੱਜ ਕੋਈ ਕਿਸੇ ਨੂੰ ਲੀਡਰ ਮੰਨਣ ਨੂੰ ਤਿਆਰ ਨਹੀਂ। ਜਿੰਨਾ ਚਿਰ ਕੋਈ ਖਾੜਕੂ ਆਗੂ ਦਰੁਸਤ ਸੇਧ ਅਤੇ ਲੋਕ-ਪੱਖੀ ਪ੍ਰੋਗਰਾਮ ਲੈਕੇ ਸਾਹਮਣੇ ਨਹੀਂ ਆਉਂਦਾ ਉਨਾਂ ਚਿਰ ਖਾੜਕੂ ਲਹਿਰ ਅੰਦਰ ਮੌਜੂਦਾ ਆਪਾ-ਧਾਪੀ ਵਾਲੀ ਹਾਲਤ ਬਣੀ ਰਹੇਗੀ। ਜਿੰਨਾ ਕੁ ਕਿਸੇ ਖਾੜਕੂ ਆਗੂ ਨੇ ਸੂਰਮਗਤੀ ਭਰੀਆਂ ਕਾਰਵਾਈਆਂ ਕੀਤੀਆਂ ਹਨ ਉਨਾ ਕੁ ਉਸਦੀ ਅਗਵਾਈ ਸਥਾਪਿਤ ਹੋਈ ਹੈ। ਗੱਲ ਇਸ ਪਿਰਤ ਨੂੰ ਠੀਕ ਦਿਸ਼ਾ ਵਲ ਤੋਰਨ ਦੀ ਹੈ।

ਚਿੱਠੀ ਵਿਚ ਅਗਲਾ ਨੁਕਤਾ ਇਹ ਹੈ ਕਿ "ਜੇ ਪ੍ਰਾਪਤੀ ਸਿਆਣਪ ਨਾਲ ਕੀਤੀ ਜਾਵੇ ਤਾਂ ਬਿਨਾਂ ਕਿਸੇ ਨੁਕਸਾਨ ਦੇ ਪ੍ਰਾਪਤ ਹੋ ਜਾਂਦੀ ਹੈ।" ਜੇ ਕੋਈ ਇਸ ਕਥਨ ਨੂੰ ਮੌਜੂਦ ਪੰਜਾਬ ਅਤੇ ਸਿੱਖ ਭਾਈਚਾਰੇ ਨੂੰ ਦਰਪੇਸ਼ ਮੌਜੂਦ ਸਮੱਸਿਆਵਾਂ 'ਤੇ ਢੁਕਾਉਂਦਾ ਹੈ ਤਾਂ ਉਹ ਬਿਲਕੁਲ ਗਲਤ ਹੈ। ਘੱਟ ਜਾਂ ਵੱਧ ਕੁਰਬਾਨੀਆਂ ਦੀ ਗੱਲ ਇਸ ਤੱਥ 'ਤੇ ਨਿਰਭਰ ਕਰਦੀ ਹੈ ਕਿ ਤੁਸੀਂ ਪ੍ਰਾਪਤ ਕੀ ਕਰਨਾ ਚਾਹੁੰਦੇ ਹੋ। ਜੇ ਨਿਸ਼ਾਨਾ "ਮੁਕਤੀ" ਹੈ ਤਾਂ ਕੁਰਬਾਨੀਆਂ ਜ਼ਰੂਰ ਦੇਣੀਆਂ ਪੈਣਗੀਆਂ। ਨੁਕਸਾਨ ਜ਼ਰੂਰ ਉਠਾਉਣੇ ਪੈਣਗੇ। ਹਾਂ, ਦਰੁਸਤ ਸਿਆਸੀ ਸੇਧ ਨਾਲ ਕੁਰਬਾਨੀਆਂ ਅਤੇ ਨੁਕਸਾਨ ਨੂੰ ਕੁਝ ਘਟਾਇਆ ਜ਼ਰੂਰ ਜਾ ਸਕਦਾ ਹੈ ਪਰ ਇਸ ਤੋਂ ਬਚਿਆ ਨਹੀਂ ਜਾ ਸਕਦਾ। ਪੰਜਾਬ ਦੇ ਇਤਿਹਾਸ ਦਾ ਵੀ ਇਹੀ ਸਬਕ ਹੈ। ਦਮਕੌਰ ਦੀ ਗੜ੍ਹੀ ਵਿਚੋਂ ਨਿਕਲਣ ਤੋਂ ਬਾਅਦ ਗੁਰੂ ਸਾਹਿਬ ਇਕੱਲੇ ਰਹਿ ਗਏ ਸਨ। ਕਿੰਨੇ ਹੀ ਸਿੱਖ ਬੇਦਾਵੇ ਲਿਖ ਗਏ ਸਨ, ਕਿੰਨੇ ਹੀ ਜੰਗ ਵਿਚ ਮਾਰੇ ਗਏ, ਚਾਰੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਸ਼ਹੀਦ ਹੋ ਚੁੱਕੀ ਸੀ। ਕੀ ਇਸਦਾ ਕਾਰਨ ਇਹ ਸੀ ਕਿ ਗੁਰੂ ਸਾਹਿਬ ਨੇ ਸਮੇਂ ਤੋਂ ਪਹਿਲਾਂ ਹੀ ਸੰਘਰਸ਼ ਸ਼ੁਰੂ ਕਰ ਦਿਤਾ ਸੀ ਜਾਂ ਸੰਘਰਸ਼ ਸਿਆਣਪ ਨਾਲ ਨਹੀਂ ਸੀ ਚਲਾਇਆ ? ਨਹੀਂ ਅਜਿਹੀ ਗੱਲ ਨਹੀਂ ਹੈ। ਸੰਸਾਰ ਭਰ ਦੀਆਂ ਜਦੋਜਹਿਦਾਂ ਦੇ ਤਜਰਬੇ ਦੇ ਅਧਾਰ 'ਤੇ ਮਾਓ ਜ਼ੇ ਤੁੰਗ ਨੇ ਸੰਘਰਸ਼ਾਂ ਅਤੇ ਨੁਕਸਾਨਾਂ ਦੇ ਆਪਸੀ ਸਬੰਧਾਂ ਨੂੰ ਇਸ ਤਰਾਂ ਬਿਆਨ ਕੀਤਾ ਹੈ, "ਜਿਥੇ ਵੀ ਜਦੋਜਹਿਦ ਹੈ, ਉਥੇ ਕੁਰਬਾਨੀ ਲਾਜ਼ਮੀ ਹੈ ਅਤੇ ਮੌਤ ਆਮ ਜਿਹੀ ਘਟਨਾ ਹੁੰਦੀ ਹੈ।"

ਚਿੱਠੀ ਵਿਚ ਇਕ ਹੋਰ ਨੁਕਤਾ ਕਾਲੀ ਗਰਜ ਤੋਂ ਪਹਿਲਾਂ ਦਰਬਾਰ ਸਾਹਿਬ ਅੰਦਰ ਬੈਠਕੇ ਕੁਝ ਖਾੜਕੂਆਂ ਵਲੋਂ ਕੀਤੀਆਂ ਗਈਆਂ ਬੇਹੱਦ ਗਲਤ ਕਿਸਮ ਦੀਆਂ ਕਾਰਵਾਈਆਂ ਬਾਰੇ ਹੈ। ਇਹ ਸਾਰੀਆਂ ਕਾਰਵਾਈਆਂ ਕੇਂਦਰ ਵਿਰੁੱਧ ਜਦੋਜਹਿਦ ਲਈ ਬੇਹੱਦ ਘਾਤਕ ਸਨ ਅਤੇ ਅਸਾਂ ਵੀ ਇਹਨਾਂ ਦਾ ਜ਼ੋਰਦਾਰ ਵਿਰੋਧ ਕੀਤਾ ਸੀ। ਪਰ ਇਥੇ ਫਿਰ ਮਸਲਾ ਸਿਆਸਤ ਦਾ ਹੈ। ਦਰਬਾਰ ਸਾਹਿਬ ਅੰਦਰਲੀਆਂ ਕਾਰਵਾਈਆਂ ਨੂੰ ਤਾਂ ਸਰਕਾਰ ਵੀ ਨਿੰਦ ਰਹੀ ਸੀ ਅਤੇ ਜੱਗਬਾਣੀ ਵਾਲੇ ਵੀ। ਇਹਨਾਂ ਕਾਰਵਾਈਆਂ ਨੂੰ ਨਿੰਦਣ ਦਾ ਸਾਡਾ ਪੈਂਤੜਾ ਸਰਕਾਰ ਦੇ ਪੈਂਤੜੇ ਤੋਂ ਬਿਲਕੁਲ ਵੱਖ ਹੋਣਾ ਚਾਹੀਦਾ ਹੈ ਨਹੀਂ ਤਾਂ ਅਸੀਂ ਲੋਕ ਰਾਏ ਨੂੰ ਸਰਕਾਰ ਦੇ ਪੈਂਤੜੇ ਦੇ ਪੱਖ ਵਿਚ ਭੁਗਤਾਉਣ ਦੇ ਭਾਗੀਦਾਰ ਬਣ ਜਾਵਾਂਗੇ। ਇਸ ਲਈ ਲੋੜ ਤਾਂ ਇਹ ਸੀ ਕਿ ਕਿਸੇ ਅਜਿਹੇ ਦਰੁਸਤ ਪ੍ਰੋਗਰਾਮ ਅਤੇ ਸਿਆਸਤ ਦੇ ਅਧਾਰ 'ਤੇ ਦਰਬਾਰ ਸਾਹਿਬ ਅੰਦਰਲੀਆਂ ਕਾਰਵਾਈਆਂ ਦਾ ਵਿਰੋਧ ਕੀਤਾ ਜਾਂਦਾ ਜੋ ਕੇਂਦਰ ਵਿਰੁੱਧ ਲਹਿਰ ਨੂੰ ਹੋਰ ਅੱਗੇ ਲਿਜਾਂਦੀ। ਪਰ ਜਸਬੀਰ ਸਿੰਘ ਅਜਿਹਾ ਬਿਲਕੁਲ ਨਹੀਂ ਕਰ ਸਕਿਆ। ਉਹ "ਪੂਰਨ ਅਜ਼ਾਦੀ" ਦੀ ਬਹੁਤ ਹੀ ਗੋਲ-ਮੋਲ ਪ੍ਰੋਗਰਾਮ ਸਾਹਮਣੇ ਲੈ ਆਇਆ ਜਿਸ ਦੀ ਉਹ ਅੱਜ ਤੱਕ ਵੀ ਸਪਸ਼ਟ ਰੂਪ ਵਿਚ ਵਿਆਖਿਆ ਨਹੀਂ ਕਰ ਸਕਿਆ ਅਤੇ ਇਸ ਤਰਾਂ ਖਾੜਕੂਆਂ ਅੰਦਰ ਭੰਬਲ-ਭੂਸੇ ਅਤੇ ਆਪਣੀ ਬੇ-ਵਿਸ਼ਵਾਸ਼ੀਆਂ ਵਧਾਉਣ ਦਾ ਕਾਰਨ ਹੀ ਬਣਿਆ।

○

## ਸ਼ਹੀਦ ਰੰਧਾਵਾ ਦੀ ਕਾਤਲ ਗੁੰਡਾ ਢਾਣੀ ਦੇ ਮੋਹਰੀ

# ਬੇਅੰਤ ਸੰਮੇਵਾਲੀ ਦਾ ਸਫਾਇਆ

12 ਦਸੰਬਰ ਨੂੰ ਸਵੇਰੇ ਮੰਡੀ ਤੋਂ ਫਰੀਦਕੋਟ ਨੂੰ ਜਾ ਰਹੀ ਬਸ ਅੰਦਰ ਕੁੱਝ ਨਕਸਲੀ ਕਾਰਕੁੰਨਾ ਦਲੇਰਾਨਾ ਕਾਰਵਾਈ ਕਰਦਿਆਂ ਸ਼ਹੀਦ ਵਿਦਿਆਰਥੀ ਆਗੂ ਪਿਰਥੀਪਾਲ ਸਿੰਘ ਰੰਧਾਵਾ ਨੂੰ ਕਤਲ ਕਰਨ ਵਾਲੇ ਗੁੰਡਾ ਟੋਲੇ ਦਾ ਮੋਹਰੀ ਬੇਅੰਤ ਗੋਲੀਆਂ ਨਾਲ ਭੁੰਨ ਦਿੱਤਾ ਗਿਆ। ਚੇਤੇ ਰਹੇ ਕਿ ਸਾਥੀ ਰੰਧਾਵਾ ਨੂੰ 18 ਜੁਲਾਈ 1979 ਦੀ ਰਾਤ ਨੂੰ ਬੇਅੰਤ-ਕਰੈਕ-ਜੱਗੀ ਗੁੰਡਾ ਗਰੋਹ ਨੇ ਉਸਦੇ ਸਹੁਰੇ ਘਰੋਂ ਅਗਵਾ ਕਰਕੇ ਬੇ-ਰਹਿਮੀ ਨਾਲ ਕਤਲ ਕਰ ਦਿੱਤਾ ਸੀ। ਲੋਕ ਸੰਘਰਸ਼ ਦੇ ਦਬਾਅ ਹੇਠਾਂ ਭਾਂਵੇ ਸੈਸ਼ਨ ਜੱਜ ਨੂੰ ਕਾਤਲ ਢਾਣੀ 'ਚੋਂ 6 ਨੂੰ ਵੀਹ ਸਾਲਾਂ ਦੀ ਸਜ਼ਾ ਸੁਣਾਉਣੀ ਪਈ ਪਰ ਕੁੱਝ ਸਮਾਂ ਬਾਅਦ ਹਾਈਕੋਰਟ ਨੇ ਇਹਨਾਂ ਸਾਰਿਆਂ ਨੂੰ ਹੀ ਬਰੀ ਕਰ ਦਿੱਤਾ। ਉਸ ਸਮੇਂ ਤੋਂ ਹੀ ਇਨਕਲਾਬੀ ਲਹਿਰ ਸਾਹਮਣੇ ਇਸ ਗੁੰਡਾ ਢਾਣੀ ਨੂੰ ਇਸਦੇ ਘਿਨਾਉਣੇ ਜੁਰਮ ਦੀ ਬਣਦੀ ਸਜ਼ਾ ਦੇਣ ਦਾ ਸਵਾਲ ਵੀ ਉਭਰਿਆ ਪਿਆ ਸੀ। ਤੇ ਆਖਰ ਇਸ ਗੁੰਡਾ ਗਰੋਹ ਦਾ ਮੋਹਰੀ ਬੇਅੰਤ ਇਸਦੀ ਭਾਲ ਵਿਚ ਫਿਰਦੇ ਨਕਸਲੀ ਕਾਰਕੁੰਨਾ ਦੇ ਅੜਿਕੇ ਆ ਹੀ ਗਿਆ।

ਪੰਜਾਬ ਦੀ ਇਨਕਲਾਬੀ ਲਹਿਰ ਤੇ ਇਸਦੇ ਹਮਾਇਤੀ ਘੇਰੇ ਵੱਲੋਂ ਨਕਸਲੀ ਕਾਰਕੁੰਨਾ ਦੀ ਇਸ ਜੁਰਅਤਮੰਦ ਕਾਰਵਾਈ 'ਤੇ ਡੂੰਘੀ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ ਹੈ।

○

# ਸਤਵੰਤ ਸਿੰਘ ਹੁਰਾਂ ਬਾਰੇ ਤੁਹਾਡਾ ਸਟੈਂਡ ਸ਼ਲਾਘਾ ਯੋਗ ਹੈ !

[ਗਜਿੰਦਰ ਸਿੰਘ, ਦਲ ਖਾਲਸਾ,ਸੈਂਟਰਲ ਜੇਲ, ਕੋਟ ਲੱਖਪਤ ਰਾਏ ਲਾਹੌਰ, ਪਾਕਿਸਤਾਨ]

ਪਿਆਰੇ ਵੀਰ ਸ. ਮਾਲਵਿੰਦਰ ਸਿੰਘ ਜੀ ਮਾਲੀ,

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਿਹ !

ਆਪਦਾ ਪਰਚਾ 'ਜਨਤਕ ਪੈਗਾਮ' ਪਿਛਲੇ ਮਹੀਨੇ ਦੇ ਦੂਜੇ ਅੱਧ ਵਿਚ ਮਿਲਿਆ ਸੀ । ਦੇਖਕੇ ਪੜਕੇ ਖੁਸ਼ੀ ਹੋਈ । ਸ਼ੁਕਰੀਆ ਕਈ ਦਿਨਾਂ ਦੀ ਦੇਰੀ ਨਾਲ ਅਦਾ ਕਰ ਰਿਹਾ ਹਾਂ । ਪਰ ਉਮੀਦ ਹੈ ਤੁਸੀਂ ਫਿਰ ਵੀ ਕਬੂਲ ਕਰੋਗੇ ।

ਭਾਈ ਸਤਵੰਤ ਸਿੰਘ ਤੇ ਭਾਈ ਕੇਹਰ ਸਿੰਘ ਹੁਰਾਂ ਨੂੰ ਫਾਂਸੀ ਦਿੱਤੇ ਜਾਣ ਦੇ ਇਸ਼ੂ 'ਤੇ ਤੁਹਾਡਾ ਸਟੈਂਡ ਸਲਾਘਾ ਯੋਗ ਹੈ । ਆਪਦਾ ਇਹ ਸਟੈਂਡ ਖਾਲਸਤਾਨੀ ਜੁਝਾਰੂ ਜਥੇਬੰਦੀਆਂ ਵਿੱਚ ਅਤੇ ਖੱਬੇ ਪੱਖੀ ਕੌਮ ਪ੍ਰਸਤ ਤਾਕਤਾਂ ਵਿੱਚ ਸਹਿਯੋਗ ਦੀ ਬੁਨਿਆਦ ਬਣ ਸਕਦਾ ਹੈ । ਗੁਰੂ ਨਾਨਕ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਬੁਨਿਆਦੀ ਰੂਪ ਵਿਚ ਇਕ ਵਿਚਾਰਧਾਰਾ ਹੈ, ਕਰਮ ਕਾਂਡ ਨਹੀ ਹੈ । ਤੇ ਸਿੱਖੀ ਦੀ ਵਿਚਾਰਧਾਰਾ ਵਿੱਚ ਇਨਸਾਨੀ ਬਰਾਬਰੀ ਦੇ ਸਿਧਾਂਤ ਨੂੰ ਪ੍ਰਮੁੱਖਤਾ ਹਾਸਲ ਹੈ । ਜਦ ਵੀ ਅਤੇ ਜਿੱਥੇ ਕਥੇ ਲੋਕਾਂ ਦਾ ਅਤੇ ਜੋਕਾਂ ਦਾ ਮਸਲਾ ਖੜਾ ਹੋਵੇਗਾ, ਸੱਚਾ ਸਿੱਖ ਲੋਕਾਂ ਦੇ ਨਾਲ ਖੜੇਗਾ । ਮਾਰਕਸ ਨੇ ਜਿਸ ਧਰਮ ਨੂੰ ਅਫੀਮ ਕਿਹਾ ਸੀ, ਉਹ ਹੋਰ ਕੋਈ ਵੀ ਧਰਮ ਹੋ ਸਕਦੇ ਪਰ ਗੁਰੂ ਨਾਨਕ ਸਾਹਿਬ ਦਾ ਧਰਮ ਨਹੀਂ । ਸਾਡੇ ਲਈ ਸਾਡਾ ਧਰਮ ਇਕ ਸ਼ਕਤੀ ਹੈ ਸਰੀਰ ਨਿਢਾਲ ਕਰਨ ਵਾਲਾ ਕੋਈ ਨਸ਼ਾ ਨਹੀਂ । ਦੁਨੀਆਂ ਭਰਦੀਆਂ ਸੱਚੀਆਂ ਖੱਬੇ ਪੱਖੀ ਤਾਕਤਾਂ ਨੂੰ ਅੱਜ ਸਾਡੇ ਕੌਮੀ ਅਜਾਦੀ ਦੇ ਸੰਘਰਸ਼ ਦੀ ਹਮਾਇਤ ਕਰਨੀ ਚਾਹੀਦੀ ਹੈ । ਜਿਹੜੇ ਲੋਕ ਲਾਲ ਝੰਡੇ ਚੁੱਕਕੇ ਵੀ ਸਿੱਖਾਂ ਦੇ ਡੁੱਲ੍ਹ ਰਹੇ ਲਹੂ ਦੀ ਲਾਲੀ ਦਾ ਮਜ਼ਾਕ ਉਡਾਉਂਦੇ ਹਨ ਉਹ ਲੋਕ ਦਿੱਲੀ ਦੇ ਦਲਾਲ ਤਾਂ ਹੋ ਸਕਦੇ ਹਨ,ਹੋਰ ਕੁਝ ਨਹੀਂ । ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਐਨੇ ਜਜ਼ਬਾਤੀ ਵਹਿਣ ਵਿੱਚ ਕੁਝ ਜੁਝਾਰੂ ਜਥੇਬੰਦੀਆਂ ਗਲਤੀਆਂ ਵੀ ਕਰ ਰਹੀਆਂ ਹਨ । ਗਲਤੀਆਂ ਨੂੰ ਸੁਧਾਰਨ ਲਈ ਨੁਕਤਾਚੀਨੀ ਤਾਂ ਜਾਇਜ਼ ਹੈ ਪਰ ਜੁਝਾਰੂਆਂ ਵਿਰੁੱਧ ਜਾਬਰ ਹਕੂਮਤ ਦਾ ਸਾਥ ਦੇਣਾ ਇਕ ਇਨਸਾਨੀ ਗੁਨਾਹ ਵਾਂਗ ਹੈ । ਅੱਛਾ ਮੇਰੇ ਵੀਰ, ਹੁਣ ਚਿੱਠੀ ਖਤਮ ਕਰਦਾ ਹਾਂ, ਇਸ ਉਮੀਦ ਨਾਲ ਕਿ ਪਰਚਾ ਅੱਗੋਂ ਵੀ ਆਉਂਦਾ ਰਹੇਗਾ । ਆਪ ਜੀ ਨੂੰ ਅਤੇ ਆਪ ਦੇ ਸਾਥੀ ਵੀਰਾਂ ਨੂੰ ਮੇਰੀ ਤੇ ਸਾਥੀਆਂ ਦੀ ਫਤਿਹ ਪਹੁੰਚੇ ।

10-12-88

## ਸਹਾਇਤਾ ਤੇ ਅਪੀਲ

"ਜਨਤਕ ਪੈਗਾਮ" ਵੱਲੋਂ ਸਹਾਇਤਾ ਲਈ ਕੀਤੀ ਅਪੀਲ ਨੂੰ ਹੁੰਗਾਰਾ ਭਰਦਿਆ ਦਸੰਬਰ ਮਹੀਨੇ ਦੌਰਾਨ ਸਾਨੂੰ ਗਿੱਦੜਬਾਹਾ ਤੋਂ ਪਾਠਕਾਂ ਵੱਲੋਂ ਇੱਕਠੇ ਕਰਕੇ ਭੇਜੇ 400 ਰੁਪਏ, ਗਿੱਦੜਬਾਹਾ ਤੋਂ ਹੀ ਹੋਰ 100 ਰੁਪਏ, ਦੋਰਾਹਾ ਤੋਂ 100 ਰੁਪਏ ਤੇ ਬਠਿੰਡੇ ਤੋਂ ਹੋਰ 120 ਰੁਪਏ ਪ੍ਰਾਪਤ ਹੋਏ ਹਨ । ਇਸ ਤੋਂ ਬਿਨਾਂ ਸਾਡੇ ਪਾਠਕ ਦੋਸਤਾਂ ਨੇ ਖਤਮ ਹੋਏ ਅਤੇ ਨਵੇਂ ਚੰਦੇ ਭਰਾਉਣ ਵੱਲ ਵੀ ਕੁੱਝ ਕੋਸ਼ਿਸ਼ਾਂ ਕੀਤੀਆਂ ਹਨ । ਅਸੀਂ ਸਾਡੇ ਪਾਠਕ ਸਾਥੀਆਂ ਦੇ ਇਹਨਾਂ ਯਤਨਾਂ ਦੀ ਪ੍ਰਸੰਸਾ ਤੇ ਧੰਨਵਾਦ ਕਰਦੇ ਹੋਏ ਇਹਨਾਂ ਯਤਨਾਂ 'ਚ ਲਗਾਤਾਰਤਾ ਤੇ ਤੇਜ਼ੀ ਲਿਆਉਣ ਦੀ ਅਪੀਲ ਕਰਦੇ ਹਾਂ ।

—ਸੰਪਾਦਕੀ ਬੋਰਡ, ਜਨਤਕ ਪੈਗਾਮ ।

ਚਿੱਠੀ-ਪੱਤਰ, ਚੰਦਾ ਤੇ ਸਹਾਇਤਾ ਹੇਠ ਲਿਖੇ ਪਤੇ 'ਤੇ ਭੇਜੋ–

**ਮਾਲਵਿੰਦਰ ਸਿੰਘ ਮਾਲੀ**
ਪਿੰਡ ਤੇ ਡਾਕਘਰ : **ਸਕਰੌਦੀ**
ਜਿਲਾ : ਸੰਗਰੂਰ (ਪੰਜਾਬ)
ਪਿਨ : 148026

ਸਲਾਨਾ ਚੰਦਾ : 30 ਰੁਪਏ

### ਭੁੱਲ ਦੀ ਸੋਧ

ਇਸ ਅੰਕ ਦੇ ਸਫਾ 2 'ਤੇ ਪਹਿਲੇ ਕਾਲਮ 'ਚ ਗੀਤ ਦੀ ਉਪਰੋਂ 18ਵੀਂ ਲਾਈਨ ਤੋਂ ਬਾਅਦ ਇਹ ਲਾਈਨ ਪੜੋ : ਅਜੇ ਕੀ ਹੈ ਸਾਡਾ ਪੰਖੇਰੂਆਂ ਦਾ । ਅਤੇ ਦੂਜੇ ਕਾਲਮ 'ਚ ਹੇਠਾਂ ਤੋਂ ਚੌਥੀ ਲਾਈਨ 'ਚ-ਦੇ-ਦੀ ਥਾਂ-ਦੀ-ਪੜੋ ।

ਮਾਲਕ ਤੇ ਪ੍ਰਕਾਸ਼ਕ ਮਾਲਵਿੰਦਰ ਸਿੰਘ ਮਾਲੀ ਨੇ ਜੇ. ਜੇ. ਪ੍ਰਿੰਟਰਜ਼ ਲੁਧਿਆਣਾ ਤੋਂ ਛਪਵਾਕੇ 1 ਈ, ਗੋਲ ਮਾਰਕੀਟ ਮਿਲਾਪ ਰੋਡ, ਜਲੰਧਰ ਤੋਂ ਪ੍ਰਕਾਸ਼ਤ ਕੀਤਾ ।

BOOK POST PRINTED MATTER

JANTAK PAIGHAM
35-AL/TC/87/070523

To